Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਦਸੰਬਰ-ਅਪ੍ਰੈਲ 2020-21 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !








ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਉ ਨਿਵਾਸ।...
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਵਿਸਾਖੀ ਇਕ ਸੰਦੇਸ਼



ਮਨੁੱਖਤਾ ਦੇ ਇਤਿਹਾਸ ਵਿਚ ਸੰਨ 1699 (1756 ਸੰਮਤ) ਵਿਸਾਖੀ ਵਾਲੇ ਦਿਨ ਇਕ ਅਜਿਹਾ ਇਨਕਲਾਬੀ ਮੋੜ ਆਇਆ ਜੋ ਸੰਸਾਰ ਨੇ ਨਾ ਪਹਿਲਾ ਕਦੀ ਵੇਖਿਆ ਸੀ ਅਤੇ ਨਾ ਹੀ ਕਦੀ ਵੇਖਣਾ ਹੈ। ਸਾਹਿਬੇ ਕਮਾਲ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਲਈ ਖਾਲਸਾ ਧਰਮ ਦੀ ਨੀਂਹ ਰੱਖਣ ਲਈ ਆਪਣੇ ਸਿੱਖਾਂ ਵਿਚੋਂ ਪੰਜ ਪਿਆਰੇ ਸਾਜੇ ਅਤੇ ਪੰਜ ਪਿਆਰਿਆਂ ਕੋਲੋਂ ਆਪ ਬੇਨਤੀ ਕਰ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ।

**ਖ਼ਾਲਸਾ ਅਕਾਲ ਪੁਰਖ ਕੀ ਫੌਜ।**

**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**

ਖ਼ਾਲਸਾ, ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਪੰਜ-ਕਕਾਰੀ ਰਹਿਤ ਰੱਖਣੀ, ਪੰਜਾਂ ਬਾਣੀਆਂ ਦਾ ਪਾਠ ਕਰਨਾ, ਸਦਾ ਹੀ ਸੱਚਾ, ਧਰਮੀ ਜੀਵਨ ਜਿਉਣਾ ਖ਼ਾਲਸੇ ਦਾ ਨੇਮ ਹੈ। ਖਾਲਸੇ ਦੀ ਸਾਜਨਾ ਨੇ ਸਾਰੇ ਸੰਸਾਰ ਵਿਚ ਚਮਤਕਾਰੀ ਮੋੜ ਲਿਆਂਦਾ। ਜਿਸ ਦਾ ਕਿ ਸਾਰੇ ਸੰਸਾਰ ਵਿਚ ਕੋਈ ਸਾਨੀ ਨਹੀਂ ਹੈ।

ਇਸ ਅਲੌਕਿਕ ਕਾਰਜ ਦਾ ਮੁਖ ਮੰਤਵ ਅਜਿਹੇ ਸਿੱਖ ਯੋਧੇ ਪੈਦਾ ਕਰਨੇ ਸਨ ਜਿਨ੍ਹਾਂ ਦੇ ਮਨ ਅੰਦਰ ਸਦਾ ਵਾਹਿਗੁਰੂ ਦੀ ਯਾਦ ਰਹੇ, ਸੱਚ ਨਾਲ ਜੂਝਣ ਦਾ ਚਾਅ ਹੋਵੇ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖਾਤਮਾ ਕਰਨ ਲਈ ਤੇਗ ਅਤੇ ਇਕ ਪ੍ਰਮਾਤਾਮਾ ਦੀ ਓਟ ਹੋਵੇ। ਇਸ ਨਾਲ ਉਨ੍ਹਾਂ ਨੇ ਸਦੀਆਂ ਤੋਂ ਚਲਦੇ ਆ ਰਹੇ ਜਬਰ ਜ਼ੁਲਮ ਖਿਲਾਫ ਸਮੇਂ ਦੇ ਹੁਕਮਰਾਨਾਂ ਨਾਲ ਟੱਕਰ ਲਈ ਅਤੇ ਮਜਲੂਮਾਂ (ਚਾਹੇ ਉਹ ਹਿੰਦੂ ਜਾਂ ਮੁਸਲਮਾਨ ਸਨ) ਦੇ ਹੱਕ ਦੀ ਰੱਖਿਆ ਕੀਤੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੂਰ ਦ੍ਰਿਸ਼ਟੀ ਵਾਲੇ ਸੂਝਵਾਨ, ਉੱਚ ਕੋਟੀ ਦੇ ਕਵੀ, ਧਾਰਮਿਕ ਆਗੂ, ਧਰਮ ਸੁਧਾਰਕ, ਪਾਰਦਰਸ਼ਕ ਫੌਜੀ ਜਰਨੈਲ, ਔਕੜਾਂ ਸਮੇਂ ਹਮੇਸ਼ਾ ਪ੍ਰਮਾਤਮਾ ਦੀ ਰਜ਼ਾ ਵਿਚ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ, ਵੱਡੀ ਤੋਂ ਵੱਡੀ ਕੁਰਬਾਨੀ ਦੇ ਕੇ ਵੀ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਕੇ ਪਰਬਤ ਵਾਂਗ ਅਹਿਲ ਤੇ ਅਚਲ ਦੇ ਧਾਰਨੀ ਸਨ। ਗੁਰੂ ਸਾਹਿਬ ਨੇ ਜਿੰਨੀਆਂ ਵੀ ਲੜਾਈਆਂ ਲੜੀਆਂ ਉਨ੍ਹਾਂ ਤੇ ਥੋਪੀਆਂ ਗਈਆਂ ਸਨ। ਉਨ੍ਹਾਂ ਸਾਰੀਆਂ ਲੜਾਈਆਂ ਵਿਚ ਅਕਾਲ ਪੁਰਖ ਦੀ ਕਿਰਪਾ ਨਾਲ ਆਪ ਮੋਹਰੀ ਹੋ ਕੇ ਜਿੱਤਾਂ ਪ੍ਰਾਪਤ ਕੀਤੀਆਂ। ਕਦੇ ਕਿਸੇ ਰਾਜ ਤੇ ਜਿੱਤ ਉਪਰੰਤ ਨਾ ਹੀ ਰਾਜ ਕੀਤਾ ਤੇ ਨਾ ਹੀ ਗੁਲਾਮ ਬਣਾਇਆ। ਸ਼ਹਾਦਤ ਦੀ ਭਾਵਨਾ ਅਤੇ ਸ਼ਕਤੀ, ਅਜਿਹੇ ਜੀਵਨ-ਸਿਧਾਂਤ ਵਿੱਚੋਂ ਹੀ ਉਪਜਦੀ ਹੈ, ਇਸੇ ਲਈ ਜਦ ਗੱਲਬਾਤ ਦੇ ਸਾਰੇ ਯਤਨ ਅਸਫ਼ਲ ਹੋ ਜਾਣ ਤਾਂ ਸ਼ਮਸ਼ੀਰ ਨੂੰ ਹੱਥ ਪਾਉਣਾ ਹਰ ਤਰ੍ਹਾਂ ਜਾਇਜ਼ ਹੁੰਦਾ ਹੈ ਜੋ ਧਾਰਮਿਕ ਫ਼ਰਜ਼ ਬਣ ਜਾਂਦਾ ਹੈ। ਸੰਸਾਰ ਨੇ ਪਹਿਲੀ ਵਾਰ ਖ਼ਾਲਸੇ ਦੇ ਹੱਥੋਂ ਕਿਰਪਾਨ ਦੀ ਵਰਤੋਂ ਜ਼ੁਲਮ ਕਰਨ ਦੀ ਥਾਂ ਜ਼ੁਲਮ ਰੋਕਣ ਲਈ ਵਰਤੀ ਜਾਂਦੀ ਵੇਖੀ ਹੈ।

**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**

**ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ।**

ਦੂਜਿਆਂ ਲਈ ਤੇ ਕੌਮ ਅਣਖ ਦੀ ਖਾਤਰ ਸਰਬੰਸ ਦੀ ਕੁਰਬਾਨੀ ਉਨ੍ਹਾਂ ਨੂੰ ਗਮਗੀਨ ਨਾ ਕਰ ਸਕੀ।

ਖਾਲਸਾ ਸਿਰਜਣਾ ਦਿਵਸ ਸਾਨੂੰ ਗੁਰੂ-ਆਸ਼ੇ ਅਨੁਸਾਰੀ ਹੋ ਕੇ ਜੀਵਨ ਜਿਉਣ ਦੀ ਪ੍ਰੇਰਨਾ ਦਿੰਦਾ ਹੈ। ਅਜੋਕੇ ਸਮੇਂ ਵਿਚ ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਵਸਥਾ ਵਿਚ ਅਸੀਂ ਬਹੁਤ ਕਮਜ਼ੋਰ ਹੋ ਗਏ ਹਾਂ। ਜੇ ਸਿੱਖਾਂ ਦੇ ਵਿਚ ਏਕਤਾ ਹੋਵੇ ਤਾਂ ਗੁਰੂ ਦੀ ਕਿਰਪਾ ਸਦਕਾ ਇਕੱਠੇ ਹੋ ਕੇ ਅਤੇ ਮਿਹਨਤ ਕਰਕੇ ਰਾਜ ਕਰ ਸਕਦੇ ਹਨ। ਸਿੱਖਾਂ ਵਿਚ ਇਹ ਗੁਣ ਅਤੇ ਪ੍ਰਤਿਭਾ ਮੌਜੂਦ ਹੈ। ਆਓ! ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛੱਕ ਕੇ, ਗੁਰਮਤਿ ਦੇ ਧਾਰਨੀ ਬਣ ਕੇ ਲੋਕਾਈ ਦੀ ਸੇਵਾ ਕਰਦੇ ਹੋਏ ਆਪਣਾ ਜੀਵਨ ਸਫਲ ਕਰੀਏ।

**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥**

**ਪ੍ਰੀਤਮ ਸਿੰਘ ਨਾਰੰਗਪੁਰ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



**Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Addl. Chief Editor**

Er. Harbhajan SINGH
Dy. Chief Engineer (Retd.)
(Addl. Chief Editor)
M.: 98140-62091

Er. Gurcharan Singh
ARO (Retd.)
(Addl. Chief Editor
M.: 98140-17067

**Editor**
Engineer Parminderjit Singh
524, GMT Jalandhar
singh_parminderjit@yahoo.com
M.: 99153-57524

**Co-Editor**
S. Surinder Singh Ruby ETO (Retd.)
16-SF, Guru Gobind Singh Avenue, Jalandhar-9
E-mail:ruby.surinder57@gmail.com
M.: 98141-28181

**Advisors**
Er. Kulbir Singh Sujlana S.E. (Retd.)
M.: 98725-13970
S. Naginder Singh, Session Judge (Retd.)
Legal Advisor M.: 97800-36205
Kashmir Singh Multani Maqsudan
M.: 98150-01412
Sdn. Harpreet Kaur Pelia
M.: 98763-58250



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98140-48241, General Secretary-98725-13970

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਸੰਗਰਾਂਦ, ਮਿਤੀ ਅਤੇ ਦਿਨ**

ਸੰਗਰਾਂਦ - (੧ ਵੈਸਾਖ) 13-04-2021 (ਮੰਗਲਵਾਰ)
ਸੰਗਰਾਂਦ - (੧ ਜੇਠ) 14-05-2021 (ਸ਼ੁੱਕਰਵਾਰ)
ਪੂਰਨਮਾਸ਼ੀ - (੧੫ ਵੈਸਾਖ) 27-04-2021 (ਮੰਗਲਵਾਰ)
ਮੱਸਿਆ - (੨੯ ਚੇਤਰ) 11-04-2021 (ਐਤਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 99 | ਦਸੰਬਰ-ਅਪ੍ਰੈਲ - 2020-21



| | | |
|---|---|---|
| 1. | ਖ਼ਾਲਸਾ ਸਿਰਜਨਾ | 4 |
| 2. | ਹੋਲੀ ਕੀਨੀ ਸੰਤ ਸੇਵ॥ ਰੰਗ ਲਾਲਾ ਅਤਿ ਲਾਲ ਦੇਵ॥ | 5 |
| 3. | 15 ਭਗਤ ਸਾਹਿਬਾਨ ਜੀ ਦਾ ਸੰਖੇਪ ਵੇਰਵਾ | 7 |
| 4. | ਗਿਆਨ ਸਾਗਰ ਦੇ ਸੁੱਚੇ ਮੋਤੀ | 11 |
| 5. | General Secretary's Report on Activities of Baba Makhan Shah Lobana Foundation (Regd.) Sector-30A, Chandigarh | 13 |
| 5. | ਜਨਮ ਤੇ ਬਾਲ ਲੀਲ੍ਹਾ | 20 |
| 7. | ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ | 22 |
| 8. | ਇਨਕਲਾਬ ਦਾ ਪੁਤਲਾ ਸਰਦਾਰ ਭਗਤ ਸਿੰਘ (1907-1931 ਈ.) | 24 |
| 9. | ਮਾਂ ਬੋਲੀ ਪੰਜਾਬੀ | 27 |
| 10. | ਆਓ ਜਾਣੀਏ ! | 28 |
| 11. | ਸਮੱਸਿਆਵਾਂ ਸਮੇਂ ਖੁਸ਼ ਰਹਿਣ ਦੇ ਢੰਗ | 29 |
| 12. | ਰਾਸ਼ਟਰੀ ਏਕਤਾ | 30 |
| 13. | ਕਹਾਣੀ/ਪਲੰਦੇ/ਚੰਦਨ ਨੇਗੀ | 31 |
| 14. | ਸਿਹਤ ਸੰਭਾਲ | 35 |
| 15. | ਕਾਵਿ-ਕਿਆਰੀ / ਸ਼ਬਦਾਂ ਦੇ ਸੰਜੋਗ | 36 |
| 16. | Matrimonial | 37 |
| 17. | ਦਾਨੀ ਸੱਜਣਾਂ ਦੀ ਸੂਚੀ | 39 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Pritam Singh Naurangpur for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਖ਼ਾਲਸਾ ਸਿਰਜਨਾ



ਇੰਜੀਨੀਅਰ
ਪਰਮਿੰਦਰਜੀਤ ਸਿੰਘ
ਸੰਪਾਦਕ
99153-57524

ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਿਰਜਨਾ ਦੇ ਮੂਲ ਉਦੇਸ਼ ਦਾ ਜੋ ਬਿੰਬ ਉਭਰਦਾ ਹੈ, ਜੇਕਰ ਇਸਨੂੰ ਇਮਾਨਦਾਰੀ ਨਾਲ ਵਿਚਾਰਿਆ ਜਾਵੇ ਤਾਂ ਇਹ ਸਮੁੱਚੇ ਭਾਰਤ ਦੇ ਦਲਿਤਾਂ ਲਈ ਵਰਦਾਨ ਸਿੱਧ ਹੁੰਦਾ ਹੈ। ਇਸ ਦਾ ਕਾਰਨ ਹੈ ਕਿ ਇਸ ਦੇ ਉਦੇਸ਼ ਦੀ ਉਹ ਮੂਲ-ਭਾਵਨਾ ਜਿਸ ਦਾ ਸਰੋਕਾਰ ਜੁੜਦਾ ਹੈ - ਜਨ-ਕਲਿਆਣ ਨਾਲ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਗਤੀਵਿਧੀਆਂ ਆਰੰਭੀਆਂ ਤਾਂ ਉਸ ਸਮੇਂ ਭਾਰਤ ਵਿਚ 'ਹਿੰਦੂ ਕੌਮ' ਨਾਮ ਦੀ ਕੋਈ ਚੀਜ਼ ਵੇਖਣ ਨੂੰ ਨਹੀਂ ਸੀ ਮਿਲਦੀ। ਇਸ ਦ੍ਰਿਸ਼ਟੀ ਤੋਂ ਗੁਰੂ ਗੋਬਿੰਦ ਸਿੰਘ ਦਾ 'ਖਾਲਸਾ ਸਿਰਜਨਾ-ਕਾਰਜ', "ਇਕ ਕੌਮ" ਦੀ ਸਿਰਜਨਾ ਆਖਿਆ ਜਾਣਾ ਚਾਹੀਦਾ ਹੈ।

ਉਸ ਸਮੇਂ ਭਾਰਤ ਦੇ ਹਰ ਸਧਾਰਨ ਵਿਅਕਤੀ ਦਾ ਜੀਵਨ ਉਖੜਿਆ ਹੋਇਆ ਸੀ ਅਤੇ ਦਲਿਤ ਵਰਗ ਤਾਂ ਜ਼ੁਲਮ-ਸਿਤਮ ਦੀ ਚੱਕੀ ਵਿਚ ਬੁਰੀ ਤਰ੍ਹਾਂ ਪੀਸਿਆ ਹੋਣ ਕਾਰਨ ਮੌਤ ਨਾਲੋਂ ਵੀ ਭੈੜਾ ਜੀਵਨ ਬਿਤਾ ਰਿਹਾ ਸੀ। ਅਜਿਹੀ ਸਥਿਤੀ ਦਾ ਇਕ ਕਾਰਨ ਤਾਂ ਸੀ ਦੇਸ਼ ਦੀ ਹਕੂਮਤ ਦਾ ਮੁਸਲਮਾਨਾਂ ਦੇ ਹੱਥ ਵਿਚ ਹੋਣਾ, ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਦੂਜੇ ਪਾਸੇ ਤਲਵਾਰ ਦੇ ਜ਼ੋਰ ਨਾਲ ਭਾਰਤੀਆਂ ਨੂੰ ਜਬਰੀ ਮੁਸਲਮਾਨ ਬਣਾ ਰਹੇ ਸਨ। ਦੂਜਾ ਕਾਰਨ ਸੀ ਭਾਰਤ ਦੇ ਹਿੰਦੂ ਰਾਜਿਆਂ ਦਾ ਆਪਸੀ ਫੁੱਟ ਦਾ ਸ਼ਿਕਾਰ ਹੋਣਾ ਅਤੇ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਕਬੂਲ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਜਨ-ਸਧਾਰਨ ਦੀਆਂ ਹੱਡੀਆਂ ਚੂਸਣਾ। ਜਨ ਸਧਾਰਨ ਨੂੰ ਲੁੱਟਣ ਵਾਲੇ ਇਸ ਕਾਰਨ ਹਿੱਤ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ, ਇਕ ਦੂਜੇ ਦੇ ਪੂਰਕ ਬਣੇ ਹੋਏ ਸਨ।

ਦਸਮ ਗੁਰੂ ਦੇ ਤਤਕਾਲੀ ਸਮਾਜ ਵਿਚ ਮਾਨਵ ਦੀ ਜੋ ਬਿਰਤੀ ਸਾਡੇ ਸਾਹਮਣੇ ਉਭਰ ਕੇ ਆਉਂਦੀ ਹੈ ਉਹ ਵਧੇਰੇ ਰੋਗ-ਗ੍ਰਸਤ ਹੈ, ਅਰੋਗ ਨਹੀਂ ਦਿਸਦੀ। 'ਖ਼ਾਲਸਾ ਸਿਰਜਨਾ' ਤੋਂ ਪੂਰਵ ਦਸਮ ਗੁਰੂ ਜੀ ਨੇ ਤਤਕਾਲੀ ਸਮਾਜ ਦੇ ਮਾਨਵ ਦੀ ਰੋਗੀ-ਬਿਰਤੀ ਨੂੰ ਪਹਿਲੋਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਨੂੰ ਅਰੋਗ ਕਰਨ ਦੀ ਜੁਗਤ ਵਿਉਂਤੀ। ਇਸ ਮੰਤਵ-ਪੂਰਤੀ ਲਈ ਖ਼ਾਲਸਾ ਸਿਰਜਨਾ ਸਮੇਂ ਪੰਜਾਂ ਪਿਆਰਿਆਂ ਦਾ ਸਰੂਪ ਜਿਨ੍ਹਾਂ ਗੁਰੂ-ਪਿਆਰਿਆਂ ਨੂੰ ਬਖਸ਼ਿਸ਼ ਹੋਇਆ ਉਨ੍ਹਾਂ ਵਿਚੋਂ ਚਾਰ ਦਾ ਸੰਬੰਧ ਦਲਿਤ ਵਰਗ ਨਾਲ ਜੁੜਦਾ ਹੈ। ਏਥੇ ਹੀ ਬਸ ਨਹੀਂ, ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ 'ਆਪੇ ਗੁਰ ਚੇਲਾ' ਬਣ ਕੇ ਅੰਮ੍ਰਿਤ ਪਾਨ ਕਰਦਿਆਂ ਦਸਮੇਸ਼ ਪਿਤਾ ਜੀ ਨੇ ਕੇਵਲ ਮਨੁੱਖ ਦਾ ਮਨੁੱਖ ਨਾਲ ਭੇਦ-ਭਾਵ ਹੀ ਸਮਾਪਤ ਨਾ ਕੀਤਾ ਸਗੋਂ ਗੁਰੂ ਅਤੇ ਚੇਲੇ ਨੂੰ ਵੀ ਇਕਰੂਪਤਾ ਦਿੰਦਿਆਂ ਹਰ ਪ੍ਰਕਾਰ ਦਾ ਮਾਨਵ-ਅੰਤਰ ਪਾੜ ਅਮਲੀ ਰੂਪ ਵਿਚ ਵੀ ਸਮਾਪਤ ਕਰ ਦਿੱਤਾ। ਦਸਮ ਗੁਰੂ ਜੀ ਦੀ ਵਿਉਂਤੀ ਜੁਗਤ ਵਾਲੇ ਖ਼ਾਲਸਾ ਸਿਰਜਨਾ ਦੇ ਇਸ ਰੋਲ ਮਾਡਲ ਨੇ, ਮਾਨਵ-ਚੇਤਨਾ ਵਿਚ ਸ੍ਵੈ-ਮਾਨ ਅਤੇ ਸ੍ਵੈ-ਭਰੋਸੇ ਦੀ ਇਕ ਅਜਿਹੀ ਨਵੀਂ ਚੇਤਨਾ ਲਹਿਰ ਪੈਦਾ ਕੀਤੀ ਜਿਸ ਦੇ ਫਲਸਰੂਪ ਜਾਤੀ ਰਹਿਤ ਅਤੇ ਸ਼੍ਰੇਣੀ ਰਹਿਤ, ਅਰੋਗ ਮਾਨਵ-ਸਮਾਜ ਹੋਂਦ ਵਿਚ ਆਇਆ। ਦਸਮ ਗੁਰੂ ਜੀ ਦੇ ਖ਼ਾਲਸਾ ਸਿਰਜਨਾ ਦੇ ਮਾਨਵ ਦਾ ਰੋਲ-ਮਾਡਲ, ਮਾਨਵ-ਸਮਾਜ ਵਿਚ ਅਜਿਹਾ ਸਥਾਪਤ ਹੁੰਦਾ ਹੈ ਜੋ ਇਕੱਲਾ ਹੀ ਚਹੁੰ ਵਰਨਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਦੁਨੀਆਂ ਨੇ ਵੇਖਿਆ ਕਿ ਮਾਮੂਲੀ ਤੋਂ ਮਾਮੂਲੀ ਚਿੜੀਆਂ ਵਰਗੇ ਲੋਕਾਂ ਨੂੰ ਤੇਗਾਂ ਫੜਾ ਕੇ ਸ਼ਹਿਨਸ਼ਾਹੀਅਤ ਨਾਲ ਟਕਰਾਇਆ ਗਿਆ। ਧਰਮ ਦੇ ਪਰਦੇ ਹੇਠ ਸਮਾਜ ਨੂੰ ਵਿਚੋਂ ਵਿਚ ਖਾ ਰਹੀ ਬ੍ਰਾਹਮਣੀ ਸ਼ਹਿਨਸ਼ਾਹੀਅਤ ਤੇ ਲੋਕ-ਮਾਰੂ ਮੁਗਲ ਸ਼ਹਿਨਸ਼ਾਹੀਅਤ ਦੋਹਾਂ ਨੂੰ ਵੰਗਾਰਿਆ ਅਤੇ ਕਲਗੀਆਂ ਵਾਲੇ ਨੇ ਖੁਦ ਸਿੱਖਾਂ ਦੇ ਸਿਰਾਂ 'ਤੇ ਕਲਗੀਆਂ ਸਜਾਈਆਂ।

**ਖਾਲਸਾ ਮੇਰੋ ਰੂਪ ਹੈ ਖਾਸ।**
**ਖਾਲਸੇ ਮਹਿ ਹਉ ਕਰਉ ਨਿਵਾਸ।...**
**ਖਾਲਸਾ ਮੇਰੋ ਪਿੰਡ ਪ੍ਰਾਨ।**
**ਖਾਲਸਾ ਮੇਰੀ ਜਾਨ ਕੀ ਜਾਨ।**

ਗੁਰੂ ਗੋਬਿੰਦ ਸਿੰਘ ਤਾਂ ਇਸ ਲਈ ਵਾਹ ਵਾਹ ਦੇ ਯੋਗ ਹੋਇਆ ਕਿਉਂਕਿ ਉਸ ਕੀਟਾਂ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਮੈਲੇ, ਕੁਚੈਲੇ, ਡਿੱਗਿਆਂ ਢੱਠਿਆਂ ਨੂੰ ਸਿੰਘ ਬਣਾਇਆ। ਮਨੁੱਖ ਦੀ ਅੰਦਰਲੀ ਜੋਤਿ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ ਉਸ ਦੀ ਮਹਾਨ ਕਰਾਮਾਤ ਸੀ। ਇਹ ਲੋਕ ਯੁੱਗ ਦੇ ਮੋਢੀ ਮਹਾਨ ਗੁਰੂ ਦੇ ਆਪਣੇ ਸ਼ਬਦ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਜ਼ਿੰਦਗੀ ਦੀ ਗੁਰਿਆਈ ਜਾਗਦੀ ਜਾਨਤਾ ਨੂੰ ਸੌਂਪ ਕੇ ਹਰ ਤਰ੍ਹਾਂ ਦੀ ਸ਼ਖ਼ਸੀ ਗੁਲਾਮੀ ਦਾ ਖਾਤਮਾ ਕਰ ਦਿੱਤਾ। ਗੁਰੂਆਂ ਦੇ ਸੌ ਵਰ੍ਹੇ ਦੀ ਘਾਲ ਦੁਆਰਾ ਜਨਤਾ ਨੂੰ ਇਤਨਾ ਨਿਪੁੰਨ ਤੇ ਬਲਵਾਨ ਬਣਾ ਦਿੱਤਾ ਕਿ ਉਹ ਸੱਚਮੁਚ ਪੈਗੰਬਰੀ ਦੇ ਯੋਗ ਹੋ ਗਈ। ਇਉਂ ਸੰਗਤ ਜਾਂ ਪੰਥ ਨੂੰ ਗੁਰੂ ਥਾਪਿਆ ਗਿਆ। ਗੁਰੂ ਗੋਬਿੰਦ ਸਿੰਘ ਵਰਗਾ ਮਹਾਂ ਪੁਰਸ਼ ਇਸ ਦਾ ਪਹਿਲਾ ਸ਼ਿਸ਼ ਬਣਿਆ, ਜਿਸ ਨੇ ਇਸ ਤੋਂ ਪਾਹੁਲ ਲਈ। ਦੁਨੀਆਂ ਦੇ ਇਤਿਹਾਸ ਵਿਚ ਜਾਗ੍ਰਿਤ ਜਨਤਾ ਨੂੰ ਗੁਰੂ ਮੰਨਣ ਦੀ ਸ਼ਾਇਦ ਇਹ ਪਹਿਲੀ ਘਟਨਾ ਸੀ ਜਦੋਂ ਕਿ ਅਜੇ ਰਾਜਸੀ ਸੰਸਾਰ ਵਿਚ ਵੀ ਡੈਮੋਕ੍ਰੇਸੀ ਜਾਂ ਲੋਕ ਰਾਜ ਨਾਂ ਦੀ ਕੋਈ ਚੀਜ਼ ਮੂਰਤੀਮਾਨ ਵੀ ਨਹੀਂ ਸੀ ਹੋਈ। ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਆਪ ਖਾਲਸਾ ਬਣਿਆ ਤੇ ਖਾਲਸੇ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਇਹ ਗੁਰੂ ਚੇਲੇ ਦਾ ਕੌਤਕ ਸੱਚਮੁੱਚ ਹੀ ਵਾਹ-ਵਾਹ ਦੇ ਯੋਗ ਸੀ, ਦੁਨੀਆਂ ਨੇ ਗੱਜ ਕੇ ਹਾਮੀ ਭਰਦਿਆਂ ਆਖਿਆ:

**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**

# ਹੋਲੀ ਕੀਨੀ ਸੰਤ ਸੇਵ ॥ ਰੰਗ ਲਾਲਾ ਅਤਿ ਲਾਲ ਦੇਵ ॥



ਹਿੰਦੁਸਤਾਨ ਵਿਚ ਹਰੇਕ ਰੁੱਤ ਬਦਲਣ ਤੇ ਆਪਣੀਆਂ ਦਿਲੀ ਭਾਵਾਂ ਦਾ ਪ੍ਰਗਟਾਵਾ ਕਰਨ ਹਿੱਤ ਕਈ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ। ਹਰ ਤਰ੍ਹਾਂ ਦੀ ਭਾਵਨਾ ਨਾਲ ਕੋਈ ਨਾ ਕੋਈ ਤਿਉਹਾਰ ਜੁੜਿਆ ਹੈ ਜਾਂ ਇਹ ਕਹਿ ਲਵੋ ਕਿ ਹਰ ਤਿਉਹਾਰ ਕਿਸੇ ਭਾਵਨਾ ਨੂੰ ਦਰਸਾਉਂਦਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਰਦੀ ਦੀ ਰੁੱਤ ਦੇ ਖਾਤਮੇ ਵੱਲ ਨੂੰ ਜਾਣ ਦਾ ਅਤੇ ਬਸੰਤ ਰੁੱਤ ਦੀ ਸ਼ੁਰੂਆਤ ਦੀ ਪ੍ਰਤੀਕ ਹੋਲੀ ਦਾ ਤਿਉਹਾਰ ਪੂਰੇ ਉਤਰੀ ਤੇ ਪੂਰਬੀ ਭਾਰਤ ਵਿਚ ਪੂਰੇ ਜ਼ੋਰ-ਸ਼ੋਰ ਨਾਲ ਪ੍ਰਾਚੀਨ ਸਮੇਂ ਤੋਂ ਮਨਾਇਆ ਜਾਂਦਾ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਹੋਲੀ ਦੇ ਮਹੱਤਵ ਨੂੰ ਆਪਣੀ ਬਾਣੀ ਵਿਚ ਦਰਸਾਇਆ ਹੈ। ਪ੍ਰਭੂ ਦੀ ਭਗਤੀ ਨੂੰ, ਦੁਨਿਆਵੀ ਰੰਗਾਂ ਦੀ ਹੋਲੀ ਦਾ ਆਨੰਦ ਮਾਣਦੇ ਹੋਏ ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਪ੍ਰਾਪਤ ਕਰਨ ਦੀ ਜੁਗਤੀ ਦੱਸੀ ਹੈ –

**ਗੁਰੂ ਸੇਵਉ ਕਰਿ ਨਮਸਕਾਰ ਆਜ ਹਮਾਰੈ ਮੰਗਲਚਾਰ**
**ਆਜ ਹਮਾਰੈ ਮਹਾ ਆਨੰਦ ਚਿੰਤ ਲਥੀ ਭੇਟੇ ਗੋਬਿੰਦ**
**ਆਜ ਹਮਾਰੈ ਗ੍ਰਿਹ ਬਸੰਤ ਗੁਨ ਗਾਏ ਪ੍ਰਭ ਤੁਮ ਬੇਅੰਤ**
**ਆਜ ਹਮਾਰੇ ਬਨੇ ਫਾਗ ਪ੍ਰਭ ਸੰਗੀ ਮਿਲਿ ਖੇਲਨ ਲਾਗ**
**ਹੋਲੀ ਕੀਨੀ ਸੰਤ ਸੇਵ ਰੰਗ ਲਾਗਾ ਅਤਿ ਲਾਲ ਦੇਵ।**

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਵਿਚੋਂ ਗ਼ੁਲਾਮੀ, ਪ੍ਰਾਧੀਨਤਾ ਨੂੰ ਕੱਢ ਕੇ ਨਵੀਂ ਇਨਕਲਾਬੀ ਰੂਹ ਫੂਕਣਾ ਚਾਹੁੰਦੇ ਸਨ। ਲੋਕਾਂ ਵਿਚ ਗੁਲਾਮੀ ਵਿਚ ਰਹਿ ਕੇ ਛੋਟੇ ਸੁਖ ਸਾਧਨਾ ਦੀ ਪ੍ਰਾਪਤੀ ਤੱਕ ਨੂੰ ਹੀ ਜੀਵਨ ਸਮਝਣ ਦਾ ਸਮਝੌਤਾ ਕਰ ਲਿਆ ਗਿਆ ਹੋਇਆ ਸੀ। ਸਦੀਆਂ ਤੋਂ ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਣ ਨਾਲ ਹੀ ਇਨ੍ਹਾਂ ਲੋਕਾਂ ਨੇ ਸਮਝੌਤਾ ਕਰ ਲਿਆ ਸੀ। ਗੁਰੂ ਜੀ ਨਿਘਰ ਚੁੱਕੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਤੇ ਉਨ੍ਹਾਂ ਨੂੰ ਪਰ ਨਿਰਭਰਤਾ ਅਤੇ ਡਰ ਵਿਚੋਂ ਕੱਢਣਾ ਚਾਹੁੰਦੇ ਸਨ ਇਸੇ ਲਈ ਗੁਰੂ ਸਾਹਿਬ ਨੇ ਬਦਲਾਅ ਲਿਆਉਣ ਲਈ ਇਕ ਪ੍ਰਚੰਡ ਲਹਿਰ ਪੈਦਾ ਕਰਨ ਲਈ ਸੰਘਰਸ਼ ਅਤੇ ਅਜ਼ਾਦੀ ਦੇ ਅਹਿਸਾਸ ਨਾਲ ਨਿੱਜ ਬੱਲ ਤੇ ਵਿਸ਼ਵਾਸ ਰੱਖ ਕੇ ਸ਼ਾਸ਼ਤਰਾਂ ਦੇ ਜ਼ੋਰ ਨਾਲ ਭੈ ਅਤੇ ਨਿਰਭਰਤਾ ਦੀ ਜ਼ਿੰਦਗੀ ਵਿਚੋਂ ਨਿਕਲ ਕੇ ਆਜ਼ਾਦ ਹੋਂਦ ਵਿਚ ਸਵੈਮਾਣ ਲਈ ਸੰਘਰਸ਼ ਕਰਨਾ, ਮੰਨ ਵਿਚੋਂ ਮੌਤ ਦਾ ਭੈਅ ਕੱਢ ਕੇ ਹਥਿਆਰਬੰਦ ਘੋਲ ਰਾਹੀਂ ਆਜ਼ਾਦੀ ਦੇ ਸੰਘਰਸ਼ ਲਈ ਸੂਰਮਿਆਂ ਵਾਂਗੂੰ ਤੁਰ ਪੈਣ ਦਾ ਰਾਹ ਦੱਸਣ ਲਈ ਇਕ ਕ੍ਰਾਂਤੀਕਾਰੀ ਲਹਿਰ ਦਾ ਮੁੱਢ ਬੰਨ੍ਹਿਆ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਕੋ-ਐਡੀਟਰ**
**98141-28181**




ਇਸ ਸਭ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਕਈ ਨਵੇਂ ਢੰਗ ਤਰੀਕੇ ਤੇ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖਾਂ ਦੀ ਚੜ੍ਹਦੀ ਕਲਾ ਵਾਲੇ ਬੋਲ ਵੀ ਦਿੱਤੇ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨ ਵਿਚ ਬੁਲੰਦ ਹੌਂਸਲੇ ਰੱਖਣ ਦਾ ਸੰਕਲਪ ਦਿੱਤਾ ਗਿਆ। ਹੋਲੀ ਨੂੰ ਹੋਲੇ ਦਾ ਨਾਮ ਦੇਣਾ ਵੀ ਗੁਰੂ ਦਾ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਪ੍ਰਤੀਕ ਹੀ ਸੀ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਜ਼ਿਕਰ ਕੀਤਾ ਹੈ-

**ਸ਼ਸਤ੍ਰਨਿ ਕੇ ਅਧੀਨ ਹੈ ਰਾਜ।**
**ਜੋ ਨ ਸਰਹਿ ਤਿਸ ਬਿਗਰਿਤ ਕਾਜ।**
**ਯਾਂ ਤੇ ਸਰਬ ਖਾਲਸਾ ਸੁਨੀਅਹਿ।**
**ਅਯੁਧ ਧਰਿਬੇ ਉਤਮ ਗਨੀਅਹ।**
**ਜਬਿ ਹਮਰੇ ਦਰਸ਼ਨ ਕੋ ਆਵਹੁ।**
**ਬਨਿ ਸੁਚੇਤ ਤਨ ਸ਼ਸਤ ਸਜਾਵਹੁ।**
**ਕਮਰਕੱਸਾ ਕਰਿ ਦੇਹਿ ਦਿਖਾਈ।**
**ਹਮਰੀ ਖੁਸ਼ੀ ਹੋਇ ਅਧਿਕਾਈ।**

ਗੁਰੂ ਜੀ ਨੇ ਸਮੇਂ ਅਨੁਸਾਰ ਅੰਦਰੂਨੀ ਸ਼ਕਤੀ ਦਾ ਬਾਹਰੋਂ ਦਿਖਣਾ ਵੀ ਜ਼ਰੂਰੀ ਕਰ ਵਿਖਾਇਆ। ਮਨੁੱਖ ਨੂੰ ਅੰਦਰੂਨੀ ਬਲ ਦੇ ਨਾਲ-ਨਾਲ ਬਾਹਰੀ ਤੌਰ ਤੇ ਵੀ ਬਲਵਾਨ ਬਨਾਉਣ ਦਾ ਸੰਕਲਪ ਲਿਆ। ਇਸ ਸਭ ਕਾਸੇ ਲਈ ਸ਼ਸਤਰਾਂ ਦਾ ਸਹੀ ਉਪਯੋਗ ਕਰਨ ਤੇ ਜ਼ੋਰ ਦਿੱਤਾ। ਇਸੇ ਪਰਿਵਰਤਨ ਤਹਿਤ ਖਾਲਸ ਪੰਥ ਵਿਚ ਹੋਲੀ ਦੀ ਥਾਂ ਹੋਲਾ-ਮੁਹੱਲਾ ਮਨਾਉਣ ਦਾ ਨਿਰਾਲਾ ਸੰਕਲਪ ਸ਼ੁਰੂ ਕੀਤਾ ਗਿਆ। ਹੋਲੀ ਦੇ ਤਿਉਹਾਰ ਨੂੰ ਸ਼ਸਤਰ ਵਿੱਦਿਆ ਅਤੇ ਸ਼ਸਤਰਾਂ ਦੇ ਕਰਤੱਬਾਂ ਨਾਲ ਜੋੜ ਦਿੱਤਾ ਗਿਆ। ਇਸੇ ਲਈ ਸਿੱਖਾਂ ਵਿਚ ਸ਼ਾਸਤਰਾਂ ਨੂੰ ਪੀਰ ਕਿਹਾ ਗਿਆ ਹੈ। ਸ਼ਸਤਰ, ਰਾਜ ਸ਼ਕਤੀ, ਰਾਜ ਵਿਸਥਾਰ ਵਿਵਸਥਾ ਲਈ ਬੜਾ ਜ਼ਰੂਰੀ ਅੰਗ ਹਨ।

ਗੁਰੂ ਸਾਹਿਬ ਹੋਲੇ-ਮੁਹੱਲੇ ਵਾਲੇ ਦਿਨ ਖ਼ਾਲਸੇ ਨੂੰ ਦੋ ਧੜਿਆਂ ਵਿਚ ਵੰਡ ਕੇ ਫਰਜ਼ੀ ਯੁੱਧ ਕਰਵਾਉਂਦੇ। ਇਕ ਨਿਸ਼ਚਿਤ ਸਥਾਨ ਤੇ ਇਕ ਦਲ ਦੇ ਕਬਜ਼ੇ ਨੂੰ ਦੂਜਾ ਦਲ ਹਮਲਾ ਕਰਕੇ ਯੁੱਧ ਕਰਕੇ ਫਤਿਹ ਕਰਨ ਦੀ ਕੋਸ਼ਿਸ਼ ਕਰਦਾ। ਪੂਰਾ ਯੁੱਧ ਸੱਚੀ ਦੇ ਯੁੱਧ ਵਾਂਗ ਲੜਿਆ ਜਾਂਦਾ। ਨਗਾਰੇ ਵੱਜਦੇ, ਤਲਵਾਰਾਂ ਖੜਕਦੀਆਂ, ਜੈਕਾਰੇ ਵੱਜਦੇ ਜਿੱਤ ਪ੍ਰਾਪਤ ਹੋਣ ਤੇ ਪੂਰੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ, ਗੁਰੂ ਜੀ ਆਪਣਾ ਦਰਬਾਰ ਸਜਾ ਕੇ ਸਿਰੋਪਾਓ ਬਖਸ਼ਿਸ਼ ਕਰਦੇ। ਹੁਣ ਦੇ ਸਮੇਂ ਵਿਚ ਇਹੋ ਖੁਸ਼ੀਆਂ ਮਨਾਉਣਾ ਜਲੂਸ ਦੀ

ਸ਼ਕਲ ਵਿਚ ਪ੍ਰਚਲਤ ਹੋ ਗਿਆ ਹੈ। ਜੇਤੂ ਦਲ ਸਮੇਤ ਬਾਕੀ ਸਾਰੇ ਨਿਹੰਗ ਸਿੰਘ ਫੌਜੀ ਸਜ ਧਜ ਕੇ ਹਥਿਆਰਾਂ ਨਾਲ ਲੈਸ ਹੋ ਕੇ ਇਸ ਜਲੂਸ ਵਿਚ ਸ਼ਾਮਲ ਹੁੰਦੇ ਹਨ। ਸਾਰਿਆਂ ਨੂੰ ਗੁਲਾਲ ਲਗਾਇਆ ਜਾਂਦਾ ਹੈ। ਦੀਵਾਨ ਸੱਜਦੇ ਹਨ, ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਘੋੜ ਸਵਾਰੀ ਤੇ ਗਤਕੇਬਾਜ਼ੀ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ।



ਹੋਲੀ ਦਾ ਸੰਬੰਧੀ ਭਗਤ ਪ੍ਰਹਿਲਾਦ ਨਾਲ ਜੋੜਿਆ ਜਾਂਦਾ ਹੈ। ਪ੍ਰਹਿਲਾਦ ਦਾ ਪਿਤਾ ਰਾਜਾ ਹਰਨਾਕਸ਼ ਨੇ ਆਪਣੇ ਪੁੱਤਰ ਨੂੰ ਉਸ ਦੀ ਪੂਜਾ ਕਰਨ ਦੀ ਬਜਾਏ ਪ੍ਰਮਾਤਮਾ ਦੀ ਪੂਜਾ ਕਰਨ ਦੀ ਜਿੱਦ ਕਾਰਨ ਸਬਕ ਸਿਖਾਉਣ ਲਈ ਆਪਣੀ ਭੈਣ ਹੋਲਿਕਾ ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਮਿਲਿਆ ਹੋਇਆ ਸੀ, ਦੀ ਗੋਦ ਵਿਚ ਬਿਠਾ ਕੇ ਪ੍ਰਹਿਲਾਦ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੰਤੂ ਪ੍ਰਹਿਲਾਦ ਦੀ ਜਗ੍ਹਾ ਪ੍ਰਮਾਤਮਾ ਦੇ ਹੁਕਮ ਨਾਲ ਹੋਲਿਕਾ ਸੜ ਗਈ ਅਤੇ ਪ੍ਰਹਿਲਾਦ ਬਚ ਗਿਆ ਸੀ। ਅੱਜ ਦੇ ਸਮੇਂ ਵਿਚ ਵੀ ਸਮਾਜ ਵਿਚ ਬਹੁਤ ਕੁਰੀਤੀਆਂ ਪੈਦਾ ਹੋ ਗਈਆਂ ਹਨ। ਜੋ ਸਮੁੱਚੀ ਮਨੁੱਖਤਾ ਤੇ ਖਾਸਕਰ ਸਿੱਖ ਧਰਮ ਨੂੰ ਬੜਾ ਖੋਰਾ ਲਗਾ ਰਹੀਆਂ ਹਨ। ਅੱਜ ਭਰੂਣ ਹੱਤਿਆ, ਨਸ਼ੇ, ਵਾਤਾਵਰਨ ਦੀ ਖਰਾਬੀ, ਦਹੇਜ ਪ੍ਰਥਾ ਅਜਿਹੀਆਂ ਬੀਮਾਰੀਆਂ ਸਮਾਜ ਨੂੰ ਲੱਗ ਗਈਆਂ ਹਨ ਜਿਨ੍ਹਾਂ ਤੋਂ ਖਹਿੜਾ ਛੁਡਾਉਣਾ ਹੁਣ ਬਹੁਤ ਜ਼ਰੂਰੀ ਹੋ ਗਿਆ ਹੈ। ਅਜੋਕੇ ਸਮੇਂ ਵਿਚ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਸੰਸਾਰ ਦੇ ਪ੍ਰਸੰਗ ਵਿਚ ਪੇਸ਼ ਕਰਨ ਦੀ ਬੜੀ ਲੋੜ ਹੈ।



ਸਿੱਖ ਕੌਮ ਨੂੰ ਦੁਨੀਆਂ ਦੀਆਂ ਦੂਜੀਆਂ ਸਫਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਵਿਰਸੇ ਅਤੇ ਸਰਬਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ ਸਿੱਖੀ ਦੇ ਆਸ਼ੇ ਉਸ ਨੂੰ ਮਨਸ਼ੇ ਨੂੰ ਸਾਕਾਰ ਅਤੇ ਪ੍ਰਾਪਤ ਕਰਨ ਲਈ ਸਮੁੱਚੀ ਸਿੱਖ ਕੌਮ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਤਾਂ ਹੀ ਅਸੀਂ ਦਸਮ ਪਿਤਾ ਕਲਗੀਧਰ ਪਾਤਸ਼ਾਹ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਾਂਗੇ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**- ਸੰਪਾਦਕ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ

(ਪਿਛਲੇ ਅੰਕ ਦੀ ਬਾਕੀ)

# 15 ਭਗਤ ਸਾਹਿਬਾਨ ਜੀ ਦਾ ਸੰਖੇਪ ਵੇਰਵਾ

## (7) ਭਗਤ ਪੀਪਾ ਜੀ

ਭਗਤ ਪੀਪਾ ਜੀ ਰਾਜਸਥਾਨ ਦੀ ਰਿਆਸਤ ਗਗਰੋਣ ਗੜ੍ਹ ਦੇ ਰਾਜਪੂਤ ਰਾਜਾ ਸਨ। ਉਨ੍ਹਾਂ ਦਾ ਜਨਮ ਸੰਨ 1425ਈ. ਨੂੰ ਹੋਇਆ।



ਆਤਮਕ ਉਚਿਆਈਆਂ ਦਾ ਸਿਖਰ ਰਾਜ ਸਾਜ ਦਾ ਕਾਰਜ ਚਲਾਉਂਦੇ ਹੀ ਛੂਹਿਆ। ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਭੂ ਨੂੰ ਕਿਧਰੋਂ ਬਾਹਰੋਂ ਨ ਭਾਲੋ। ਜੋ ਕੁਝ ਬ੍ਰਹਮੰਡ ਵਿਚ ਹੈ ਉਹ ਹੀ ਸਰੀਰ ਵਿਚ ਹੈ। ਸਿਰਫ਼ ਅੰਦਰ ਝਾਕਣ ਦੀ ਜਾਚ ਆਉਣੀ ਚਾਹੀਦੀ ਹੈ ਅਤੇ ਇਹ ਸੂਝ ਗੁਰੂ ਦੇ ਸ਼ਬਦ ਰਾਹੀਂ ਹੀ ਮਿਲਦੀ ਹੈ ਕਿ ਵਾਹਿਗੁਰੂ ਹੀ ਹਰ ਸੱਤਾ ਹੁਨਰ, ਜੌਹਰ ਦਾ ਮੂਲ ਹੈ।

**ਪੀਪਾ ਪ੍ਰਣਵੈ ਪਰਮ ਤਤੁ ਹੈ**
**ਸਤਿਗੁਰੁ ਹੋਇ ਲਖਾਵੈ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 695**

ਮੈਕਾਲਫ ਨੇ ਲਿਖਿਆ ਹੈ ਕਿ ਜਦ ਭਗਤ ਰਾਮਾਨੰਦ ਨਾਲ ਮੇਲ ਹੋਇਆ ਤਾਂ ਉਨ੍ਹਾਂ ਨੇ ਰਾਜਪਾਟ ਛੱਡਣ ਲਈ ਕਿਹਾ ਤਾਂ ਖ਼ੁਸ਼ੀ ਖ਼ੁਸ਼ੀ ਸਭ ਕੁਝ ਛੱਡ ਉਨ੍ਹਾਂ ਨਾਲ ਤੁਰ ਪਏ। ਪੀਪਾ ਜੀ ਦੀ ਨਿਮ੍ਰਤਾ ਦੇਖ ਭਗਤ ਰਾਮਾਨੰਦ ਜੀ ਨੂੰ ਵੀ ਪ੍ਰਤੀਤ ਹੋਇਆ ਕਿ ਇਨ੍ਹਾਂ ਨੂੰ ਤਾਂ ਉਤਮ ਅਵਸਥਾ ਪਹਿਲਾਂ ਹੀ ਵਿਹਾਤ ਹੋਈ ਹੈ।

ਰਾਜਾ ਹੁੰਦੇ ਹੋਏ ਵੀ ਆਏ ਗਏ ਦੀ ਹੱਥੀਂ ਸੇਵਾ ਕਰਦੇ। ਪਰ ਇਕ ਵਾਰੀ ਪੀਪਾ ਜੀ ਤੇ ਉਸ ਦੀ ਘਰਵਾਲੀ ਹੈਰਾਨ ਹੋਏ ਜਦ ਇੱਕ ਛਿਦਰ ਨਾਂ ਦੇ ਭਗਤ ਨੇ ਉਨ੍ਹਾਂ ਦੀ ਆਉ ਭਗਤ ਆਪਣੀ ਘਰਵਾਲੀ ਦੇ ਕੱਪੜੇ ਵੇਚ

ਕੇ ਕੀਤੀ। ਇਸ ਘਟਨਾ ਪਿਛੋਂ ਭਗਤ ਪੀਪਾ ਜੀ ਹੋਰ ਨਿਮਰ ਭਾਵ ਵਿਚ ਚਲੇ ਗਏ।

ਮਾਇਆ ਤੋਂ ਇਤਨੇ ਉੱਚੇ ਹੋ ਗਏ ਸਨ ਕਿ ਇਕ ਸਮੇਂ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਜਾਂਦੇ ਸਮੇਂ ਰਾਹ ਵਿਚ ਮੋਹਰਾਂ ਦੀ ਭਰੀ ਗਾਗਰ ਦੇਖੀ ਤਾਂ ਆ ਕੇ ਘਰਵਾਲੀ ਨੂੰ ਦਸਿਆ ਕਿ ਹੁਣ ਉਸ ਤਰਫ਼ੋਂ ਇਸ਼ਨਾਨ ਕਰਨ ਨਹੀਂ ਜਾਣਾ ਕਿਉਂਕਿ ਮਾਇਆ ਨੇ ਰਾਹ ਮਲਿਆ ਹੋਇਆ ਹੈ। ਭਗਤੀ ਦੇ ਰਾਹ ਤੁਰਿਆਂ ਤਾਂ ਉਸ ਦਾ ਦੀਦਾਰ ਹੁੰਦਾ ਹੈ ਇਹ ਮੋਹਰਾਂ ਦੀ ਗਾਗਰ ਕਿਤੋਂ ਆ ਗਈ! ਇਕ ਦੂਜੀ ਰਿਆਸਤ ਦੇ ਰਾਜੇ ਸੁਰਸੇਣ ਨੇ ਜਦ ਇਨ੍ਹਾਂ ਪਾਸ ਆ ਡੇਰਾ ਹੀ ਲਗਾ ਲਿਆ ਤਾਂ ਸੁਰਸੇਣ ਦੀ ਘਰਵਾਲੀ ਨੇ ਆ ਕੇ ਕਿਹਾ : ਇਹ ਕਿਸ ਪ੍ਰਕਾਰ ਦੀ ਭਗਤੀ ਹੈ ਜੋ ਪਤੀ ਪਤਨੀ ਨੂੰ ਹੀ ਵਿਛੋੜ ਦੇਵੇ। ਉਸ ਵੇਲੇ ਸੁਰ ਸੈਣ ਨੂੰ ਸਮਝਾਇਆ ਕਿ ਗ੍ਰਹਿਸਤੀ ਜੀਵਨ ਭਗਤੀ ਦੇ ਰਾਹ ਵਿਚ ਰੁਕਾਵਟ ਨਹੀਂ।

ਭਗਤ ਬਾਣੀ ਸਿਰਲੇਖ ਹੇਠ ਦਰਜ ਬਾਣੀਆਂ ਵਿਚ ਭਗਤ ਪੀਪਾ ਜੀ ਦਾ ਇਕ ਸ਼ਬਦ ਰਾਗ ਧਨਾਸਰੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ 695 'ਤੇ ਦਰਜ ਹੈ –

**ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥**
**ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥**
**ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥**
**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥**
**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 695**

## (8) ਭਗਤ ਪਰਮਾਨੰਦ

ਭਗਤ ਪਰਮਾਨੰਦ ਜੀ ਵੀ ਮਹਾਂਰਾਸ਼ਟਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਜਨਮ ਪਾਂਧਰਪੁਰ ਦੇ ਉਤਰ ਪਿੰਡ ਬਾਹਰਸੀ ਵਿਖੇ ਚੌਦਵੀਂ ਸਦੀ ਦੇ ਅੰਤ ਵਿਚ ਹੋਆ ਕਿਹਾ ਜਾਂਦਾ ਹੈ। ਪ੍ਰਭੂ ਭਗਤੀ ਵਿਚ ਬਾਲ ਉਮਰੇ ਹੀ ਲਗ ਗਏ ਸਨ। ਪ੍ਰਭੂ ਦੀ ਹੋਂਦ ਦਾ ਨਜ਼ਾਰਾ ਕਰ ਲਿਆ ਸੀ ਅਤੇ ਇਤਨਾ ਪ੍ਰੇਮ ਉਪਜ ਪਿਆ ਸੀ ਕਿ ਜਦ ਤੱਕ ਸਿਫਤ ਸਾਲਾਹ ਕਰਦੇ ਰਹਿੰਦੇ ਨੈਣਾਂ ਵਿਚੋਂ ਜਲ ਵਗਦਾ ਰਹਿੰਦਾ। ਕੀਰਤਨ ਕਰਦੇ ਕਰਦੇ ਹੀ ਸਮਾਧੀ ਲਗ ਜਾਂਦੀ ਤੇ ਕਿਤਨਾ ਚਿਰ ਹੀ ਵਿਸਮਾਦ ਵਿਚ ਰਹਿੰਦੇ। ਕਈ ਵਾਰੀ ਇਤਨਾ ਕ੍ਰਿਤਗ-ਭਾਵ ਵਿਚ ਆ ਜਾਂਦੇ ਕਿ ਬਾਰ ਬਾਰ ਡੰਡਉਤ ਕਰਦੇ ਰਹਿੰਦੇ। ਜੀਵਨ ਬੜਾ ਸਾਦਾ ਸੀ।



ਲੋਕਾਂ ਨੂੰ ਕਹਿੰਦੇ ਕਿ ਅਰਦਾਸ ਇਸ ਲਈ ਨਹੀਂ ਸੁਣੀ ਜਾਂਦੀ ਕਿਉਂਕਿ ਬੇਨਤੀ ਕਰਦਿਆਂ ਧਿਆਨ ਉਖੜ ਜਾਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ 'ਅਸ਼ਟ ਛਾਪ' ਨਾਂ ਦੀ ਇਕ ਪੁਸਤਕ ਵਿਚ ਅੱਜ ਵੀ ਸੁਰਖਿਅਤ ਪਈਆਂ ਹਨ।

ਉਨ੍ਹਾਂ ਦਾ ਉਚਾਰਿਆ ਸਾਰੰਗ ਰਾਗ ਦਾ ਸ਼ਬਦ ਪੜ੍ਹਦਿਆਂ ਹੀ ਪ੍ਰਤੀਤ ਹੋ ਜਾਏਗਾ ਕਿ ਭਗਤ ਪਰਮਾਨੰਦ ਜੀ ਕਰਮਕਾਂਡੀਆ, ਅਖੌਤੀ ਵਿਦਵਾਨਾਂ ਤੇ ਮਾਇਆ ਪਿਛੇ ਲੱਗ ਜੀਵਨ ਜਾਇਆ ਕਰਨ ਵਾਲਿਆਂ ਨੂੰ ਆੜੇ ਹੱਥ ਕਿਵੇਂ ਲੈਂਦੇ ਹਨ।

ਭਗਤ ਪਰਮਾਨੰਦ ਜੀ ਦਾ ਇਕ ਸ਼ਬਦ ਰਾਗ ਸਾਰੰਗ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1253 ਉੱਪਰ ਅੰਕਿਤ ਹੈ –

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥**

**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥**
**ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥**
**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥**
**ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥**
**ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥**
**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥**
**ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 1253**

## (9) ਭਗਤ ਰਾਮਾਨੰਦ

ਭਗਤ ਰਾਮਾਨੰਦ ਜੀ ਨੂੰ ਭਗਤੀ ਲਹਿਰ ਦਾ ਉਤਰ ਤੇ ਦੱਖਣ ਵਿਚਕਾਰ ਪੁਲ ਕਿਹਾ ਜਾਂਦਾ ਹੈ। ਭਗਤ ਜੀ ਨੇ ਭਗਤੀ ਲਈ ਸੰਸਾਰ ਛੱਡਣ ਵਾਲਿਆਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਬਾਹਰ ਨ ਭਟਕ ਅੰਦਰ ਝਾਕ, ਉਹ ਹਿਰਦੇ ਵਿਚ ਬੈਠਾ ਹੈ।



ਰਾਮਾਨੰਦ ਜੀ ਨੇ ਲੋਕਾਂ ਨੂੰ ਕਰਮ ਕਾਂਡਾਂ ਤੋਂ ਕਿਵੇਂ ਹਟਾਇਆ ਉਸ ਦਾ ਵਰਨਣ ਆਪਨੇ ਧਨਾਸਰੀ ਰਾਗ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ ਦੁਆਰਾ ਕੀਤਾ ਹੈ ਕਿ ਇਕ ਦਿਨ ਮਨ ਵਿਚ ਇਹ ਚਾਅ ਉਠਿਆ ਕਿ ਚਲੋ ਉਸੇ ਢੰਗ ਨਾਲ ਪੂਜਾ ਕਰੀਏ ਜਿਸ ਨਾਲ ਹੋਰ ਲੋਕੀ ਕਰਦੇ ਹਨ। ਇਸ ਮੰਤਵ ਲਈ ਸਮਗਰੀ ਇਕੱਠੀ ਕੀਤੀ ਤੇ ਠਾਕੁਰ ਦੁਆਰੇ (ਬ੍ਰਹਮ ਠਾਇ) ਜਾਣ ਲੱਗੇ ਤਾਂ ਆਵਾਜ਼ ਹੋਈ ਕਿ ਕਿਧਰ ਜਾ ਰਿਹਾ ਹੈ। ਜਿਸ ਦੀ ਪੂਜਾ ਕਰਨੀ ਹੈ, ਉਹ ਤਾਂ ਤੇਰੇ ਹਿਰਦੇ ਬੈਠਾ ਹੈ:

**ਏਕ ਦਿਵਸ ਮਨ ਭਈ ਉਮੰਗ ॥**
**ਘਸਿ ਚੰਦਨ ਚੋਆ ਬਹੁ ਸੁਗੰਧ ॥**
**ਪੂਜਨ ਚਾਲਿ ਬ੍ਰਹਮ ਠਾਇ ॥**
**ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ - 1195)**

ਜਿਨ੍ਹਾਂ ਭਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਪਿਤਾ ਨੇ ਆਦਰਯੋਗ ਥਾਂ ਦਿੱਤੀ ਉਨ੍ਹਾਂ ਦੀ ਗੂੰਜਵੀ ਆਵਾਜ਼ ਇਹ ਹੀ ਹੈ:

**ਗੁਰ ਕਾ ਸਬਦੁ ਕਾਟੈ ਕੋਟਿ ਕਰਮ।**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 1195**

ਇਸੇ ਲਈ ਉਨ੍ਹਾਂ ਦੇ ਹੀ ਸਮਕਾਲੀ ਭਗਤ ਸੈਣ ਜੀ ਨੇ ਲਿਖਿਆ ਕਿ ਵਾਹਿਗੁਰੂ ਦੀ ਭਗਤੀ ਕਿਵੇਂ ਕਰਨੀ ਹੈ ਦਾ ਠੀਕ ਰਾਹ ਭਗਤ ਰਾਮਾਨੰਦ ਜਾਣ ਗਏ ਸਨ ਤੇ ਉਹ ਸਦਾ ਇਹ ਪ੍ਰਚਾਰਦੇ ਸਨ ਕਿ ਮੁਕੰਮਲ ਤੇ ਪਰਮ ਅਨੰਦ ਲੈਣ ਲਈ ਕਿਸੇ ਕਰਮ ਕਾਂਡ ਦੀ ਲੋੜ ਨਹੀਂ ਕੇਵਲ ਉਸ ਦੀ ਯਾਦ ਨੂੰ ਵਿਸਰਨ ਨਹੀਂ ਦੇਣਾ ਚਾਹੀਦਾ।

**ਰਾਮਾ ਭਗਤਿ ਰਾਮਾਨੰਦ ਜਾਨੈ ॥**
**ਪੂਰਨ ਪਰਮਾਨੰਦੁ ਬਖਾਨੈ ॥ - ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 695**

ਭਗਤ ਰਾਮਾਨੰਦ ਜੀ ਦਾ ਜਨਮ ਅਲਾਹਾਬਾਦ (ਪ੍ਰਯਾਗ) ਵਿਖੇ ਸੰਨ 1366 ਈ. ਨੂੰ ਹੋਇਆ ਲਿਖਿਆ ਹੈ। ਆਪ ਨੇ ਅੰਤਿਮ ਸਮਾਂ ਕਾਸ਼ੀ ਵਿਚ ਗੰਗਾ ਘਾਟ ਦੇ ਰਮਣੀਕ ਅਸਥਾਨ 'ਤੇ ਬਤੀਤ ਕੀਤਾ ਅਤੇ ਇਥੇ ਹੀ 1467 ਈ. ਇਹ ਪਰਲੋਕ ਗਮਨ ਹੋਏ। ਆਪ ਜੀ ਦੀ ਆਤਮਿਕ ਅਵਸਥਾ ਇਤਨੀ ਉੱਚੀ ਸੀ ਕਿ ਆਪ ਜੀ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ, ਭਗਤ ਧੰਨਾ ਜੀ ਅਤੇ ਭਗਤ ਪੀਪਾ ਜੀ ਦੇ ਸਿਖਿਆ ਦਾਤਾ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦਾ ਇਕ ਸ਼ਬਦ ਅੰਗ 1195 ਉੱਤੇ ਰਾਗ ਬਸੰਤ ਵਿਚ ਦਰਜ ਹੈ:

**ਕਤ ਜਾਈਐ ਰੇ ਘਰ ਲਾਗੋ ਰੰਗੁ ॥**
**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥**
**ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥**
**ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥**
**ਜਹ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥**
**ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥**
**ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**
**ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 1195**

## (10) ਭਗਤ ਭੀਖਨ ਜੀ

ਸ਼ਬਦਾਰਥ ਅਨੁਸਾਰ ਭਗਤ ਭੀਖਨ ਜੀ ਲਖਨਊ ਨੇੜੇ ਨਗਰ ਕਾਕੋਰੀ ਦੇ ਵਸਨੀਕ ਸਨ। ਬੜੇ ਹੀ ਵਿਦਵਾਨ ਫ਼ਕੀਰ ਸਨ।



ਆਪ ਜੀ ਦਾ ਪੂਰਾ ਨਾਮ ਨਿਜ਼ਾਮਦੀਨ ਸੀ। ਭਾਵੇਂ ਉਨ੍ਹਾਂ ਉੱਚੀ ਪਦਵੀ ਪਾ ਲਈ ਸੀ ਪਰ ਉਹ ਆਪਣੇ ਆਪ ਨੂੰ ਕਾਰੀ (ਸਦਾ ਸਿੱਖਣ ਵਾਲਾ) ਹੀ ਕਹਿੰਦੇ ਸਨ। ਖੁਲ੍ਹੇ ਖਿਆਲਾਂ ਦੇ ਸੂਫ਼ੀ ਸਨ। ਇਨ੍ਹਾਂ ਦੇ ਵਡੇਰੇ ਈਰਾਨ ਤੋਂ ਹਿਜਰਤ ਕਰਕੇ ਹਿੰਦੁਸਤਾਨ ਆਏ ਸਨ। ਪਹਿਲਾਂ ਲਾਹੌਰ ਟਿਕਾਣਾ ਰਖਿਆ ਤੇ ਪਿਛੋਂ ਕਾਕੋਰੀ ਆ ਵਸੇ। ਇਥੇ ਹੀ ਭੀਖਨ ਜੀ ਦਾ ਜਨਮ ਹੋਇਆ ਸੀ।

ਅਕਬਰ ਦੇ ਵੇਲੇ ਦਾ ਹੋਇਆ ਇਤਿਹਾਸਕਾਰ ਬਦਾਊਨੀ ਲਿਖਦਾ ਹੈ ਕਿ ਉਹ ਵਿਦਵਾਨਾਂ ਦੇ ਵਿਦਵਾਨ ਸਨ। ਕੁਰਾਨ ਮਜੀਦ ਜ਼ੁਬਾਨੀ ਯਾਦ ਸੀ। ਇਤਨੇ ਆਲਮ ਫ਼ਾਜ਼ਲ ਹੋਣ ਦੇ ਬਾਵਜੂਦ ਬੜੇ ਨਿਮਰ ਭਾਵ ਵਿਚ ਵਿਚਰਦੇ। ਪ੍ਰਸਿੱਧ ਹੈ ਕਿ ਇਸਲਾਮ ਵਿਚ ਅਮਾਮ ਅਬੂ ਹਨੀਫ਼ਾ ਜਿਹਾ ਹੋਰ ਕੋਈ ਪਾਕ, ਸਾਫ਼ ਮਿਲਣਾ ਮੁਸ਼ਕਿਲ ਹੈ ਪਰ ਭੀਖਨ ਜੀ ਸਾਹਮਣੇ ਹਨੀਫ਼ਾ ਕੁਝ ਵੀ ਨਹੀਂ। ਹਨੀਫ਼ਾ ਬਾਰੇ ਪ੍ਰਸਿੱਧ ਹੈ ਕਿ ਉਹ ਇਕ ਵਾਰੀ ਕਿਸੇ ਦੇ ਜਨਾਜ਼ੇ ਵਿਚ ਸ਼ਾਮਿਲ ਹੋਣ ਲਈ ਗਏ। ਧੁੱਪ ਕੜਕ ਰਹੀ ਸੀ। ਪਾਸ ਦੇ ਇਕ ਮਕਾਨ ਦੀ ਦੀਵਾਰ ਦੇ ਸਾਏ ਹੇਠ ਹੋ ਗਏ ਪਰ ਤੁਰੰਤ ਫਿਰ ਕੜਕਦੀ ਧੁੱਪ ਵਿਚ ਆ ਖੜ੍ਹੇ ਹੋਏ। ਨਾਲ ਖੜ੍ਹੇ ਦੂਜੇ ਨੇ ਪੁਛਿਆ ਕਿ ਦੀਵਾਰ ਦੀ ਛਾਂ ਕਿਉਂ ਛੱਡ ਦਿੱਤੀ? ਤਾਂ ਕਹਿਣ ਲੱਗੇ ਕਿ ਉਹ ਮਕਾਨ ਬਣਾਉਣ ਵਾਲਾ ਕਰਜ਼ਾਈ ਹੈ ਤੇ ਜੇ ਦੀਵਾਰ ਦੀ ਛਾਂ ਮਾਣਦਾ ਹੈ ਤਾਂ ਇਹ ਸੂਦ ਹੋ ਜਾਣਾ ਸੀ। ਸੂਦ ਇਸਲਾਮ ਵਿਚ ਹਰਾਮ ਹੈ। ਹਨੀਫ਼ਾ ਇਹ ਵੀ ਕਹਿੰਦੇ ਸਨ ਕਿ ਲੋਕੀਂ ਆਮ ਤੌਰ ਤੇ ਤਰੀਫ ਵਿਚ ਉਹ ਗੱਲ ਸੁਣਨਾ ਪਸੰਦ ਕਰਦੇ ਹਨ ਜੋ ਉਨ੍ਹਾਂ ਵਿਚ ਨਹੀਂ ਹੁੰਦੀ। ਇਹ ਝੂਠੀ ਤਾਰੀਫ਼ ਹੀ ਰੂਹ ਦਾ ਦਾਗ਼ ਬਣ ਜਾਂਦੀ ਹੈ। ਕਹਿੰਦੇ

ਹਨ ਕਿ ਇਕ ਵਾਰੀ ਅਲਾਹ ਦੇ ਮੁਤਲਾਸ਼ੀ ਨੇ ਅਲਾਹ ਕੋਲੋਂ ਪੁਛਿਆ ਕਿ ਉਹ ਤੁਹਾਨੂੰ ਕਿਥੋਂ ਲੱਭੀਏ ਤਾਂ ਆਵਾਜ਼ ਆਈ : ਅੱਬੂ (ਹਨੀਫ਼) ਪਾਸ। ਹੁਣ ਅੰਦਾਜ਼ਾ ਲਗਾਉ ਕਿ ਜੇ ਬਦਾਊਨੀ ਵਰਗਾ ਕੱਟੜ ਮੁਸਲਮਾਨ ਇਹ ਲਿਖਦਾ ਹੈ ਕਿ ਹਨੀਫ਼ਾ ਭੀਖਨ ਜੀ ਦਾ ਪਾਸਕੂ ਸੀ ਤਾਂ ਭੀਖਨ ਜੀ ਕਿਨ੍ਹਾਂ ਉਚਾਈਆਂ ਨੂੰ ਛੂਹ ਚੁੱਕੇ ਹੋਣਗੇ। ਭੀਖਨ ਜੀ ਅਲਾਹ ਦਾ ਰੂਪ ਹੀ ਸਨ। ਉਨ੍ਹਾਂ ਨੇ ਬਾਣੀ ਵਿਚ ਫਰਮਾਇਆ ਹੈ ਕਿ ਨਾਮ ਹੀ ਸਾਰੇ ਜਗ ਦੇ ਰੋਗਾਂ ਦਾ ਦਾਰੂ ਹੈ।

**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ**

**ਇਹੁ ਅਉਖਧੁ ਜਗਿ ਸਾਰਾ।** **- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659**

ਅਤੇ ਜਿਸ ਨੇ ਜੀਭਾ ਨਾਲ ਜਪਿਆ, ਕੰਨਾਂ ਨਾਲ ਸੁਣਿਆ ਅਤੇ ਚਿਤ ਵਿਚ ਵਸਾ ਲਿਆ, ਉਸ ਦਾ ਸੁਖ ਕਦੇ ਟੁੱਟਦਾ ਨਹੀਂ।

**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ**

**ਚਿਤ ਚੇਤੇ ਸੁਖ ਹੋਈ॥** **- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659**

ਇਸ ਤਰ੍ਹਾਂ ਜਪਣ ਨਾਲ ਸੰਤੁਸ਼ਟੀ ਤਾਂ ਮਿਲਦੀ ਹੀ ਹੈ ਪਰ ਵਾਹਿਗੁਰੂ ਵੀ ਹਰ ਥਾਂ ਦਿਖਾਈ ਦੇਣ ਲੱਗ ਪੈਂਦਾ ਹੈ। ਇਕ ਵਾਰੀ ਇਕ ਆਲਮ ਨੇ ਤਨਕੀਦ ਦੀ ਪੁਸਤਕ ਲਿਆ ਪੇਸ਼ ਕੀਤੀ ਤੇ ਨਾਲ ਕਿਹਾ ਕਿ ਅੱਜਕਲ੍ਹ ਦਲੀਲ ਦਾ ਜ਼ਮਾਨਾ ਹੈ ਪੜ੍ਹ ਲਵੋ ਤਾਂ ਚੰਗਾ ਹੈ ਤਾਂ ਕਹਿਣ ਲੱਗੇ : ਭਾਈ ! ਕੋਈ ਤੌਹੀਦ ਦੀ ਪੁਸਤਕ ਪੜ੍ਹ ਫਿਰ ਦੱਸੀਂ ਹੁੱਜਤ ਕਿਸ ਤਰ੍ਹਾਂ ਉਪਜਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਸੋਰਠਿ ਰਾਗ ਵਿਚ ਦਰਜ ਕਰਨ ਵੇਲੇ ਬਾਣੀ ਭਗਤ ਭੀਖਨ ਜੀ ਕੀ ਲਿਖ ਕੇ ਆਦਰ ਦਿੱਤਾ।

ਆਪ ਜੀ ਦਾ ਦੇਹਾਂਤ ਸੰਨ 1574 ਵਿਚ ਹੋਇਆ। ਜਿਥੇ ਉਨ੍ਹਾਂ

ਦੀ ਯਾਦਗਾਰ ਬਣੀ ਹੋਈ ਹੈ ਅਤੇ ਯਾਦਗਾਰੀ ਸਿਲਾ ਤੇ ਇਹ ਸ਼ਬਦ ਉਕਰੇ ਹੋਏ ਹਨ:

**ਨਿਜ਼ਾਮ ਉਦੀਨ ਕਾਰੀ ਨੇਕ ਨਾਮ।**

**ਯਾਫਤ ਬਾਦਸ਼ਾਹ ਭਿਖਾਰੀ ਉਰਫ ਆਮ।**


**ਇਲਾਹੀ ਯਾਦ ਉ ਕਾਮ ਹਸ਼ਤ ਮੀਨ।**

**ਜੀ, ਕਦਾ-ਅਰ ਮਖਦੂਮ ਰਾ,**

**ਯਾਫਤ ਬ ਮਖਦੂਮ ਖੁਦ ਵਸਕਿ ਪਦਾਮ।**

ਭਾਵ ਉਸ ਨੇਕ ਭੀਖਨ ਦੀ ਯਾਦਗਾਰ ਹੈ ਜੋ ਨਾਂ ਦਾ ਜ਼ਰੂਰ ਭੀਖਨ ਸੀ ਪਰ ਸੁਭਾਅ ਦੇ ਬਾਦਸ਼ਾਹ ਸਨ। ਅਲਾਹ ਦੀ ਯਾਦ ਹੀ ਉਸਦੀ ਕਿਰਤ ਸੀ ਅਤੇ ਮਨ ਤੇ ਇਤਨਾ ਕਾਬੂ ਸੀ ਕਿ ਅਲਾਹ ਦੀ ਸਦਾ ਹਜ਼ੂਰੀ ਵਿਚ ਰਹਿੰਦੇ ਸਨ।

## (11) ਭਗਤ ਸੈਣ ਜੀ



ਗੁਰੂ ਅਰਜਨ ਦੇਵ ਜੀ ਨੇ ਬਸੰਤ ਰਾਗ ਵਿਚ ਫਰਮਾਇਆ ਹੈ ਕਿ ਭਗਤ ਸੈਣ ਜੀ ਜੋ ਕ੍ਰਿਤਕਾਰੋਂ ਤਾਂ ਨਿਜੀ ਸੇਵਕ ਸਨ ਪਰ ਭਗਤੀ ਵਿਚ ਵੀ ਵਿਘਨ ਨਹੀਂ ਸਨ ਪੈਣ ਦੇਂਦੇ। 'ਨਾਈ ਉਧਰਿਓ ਸੈਨ ਸੇਵ।'

ਆਸਾ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਕਿ 'ਕਿਰਤ ਤੇ ਕੀਰਤੀ' ਨੂੰ ਇਕੱਠਿਆਂ ਕਰਨ ਕਾਰਨ ਹਿਰਦੇ ਪਾਰਬ੍ਰਹਮ ਦਾ ਨਿਵਾਸ ਹੋ ਗਿਆ, ਸੰਸਾਰ ਸਾਗਰ ਤੋਂ ਪਾਰ ਹੋ ਗਏ ਅਤੇ ਇਤਨੀ ਸੋਭਾ ਹੋਈ ਕਿ ਘਰ ਘਰ ਭਗਤ ਜਨ ਜਾਣੇ ਜਾਣ ਲੱਗੇ।

**ਸੈਨੁ ਨਾਈ ਬੁਤਕਾਰੀਆ ਉਹ ਘਰਿ ਘਰਿ ਸੁਨਿਆ॥**

**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487**

ਭਾਈ ਗੁਰਦਾਸ ਜੀ ਨੇ ਜ਼ਰਾ ਹੋਰ ਵਿਸਥਾਰ ਦੇਂਦੇ ਲਿਖਿਆ ਕਿ ਦਿਨੇ ਤਾਂ ਸੈਣ ਜੀ ਬਾਂਧਵ ਗੜ੍ਹ (ਰੇਵਾ) ਰਿਆਸਤ ਦੇ ਰਾਜਾ ਰਾਮ ਰਾਜ ਦੇ ਦਰਬਾਰ ਨੌਕਰੀ ਕਰਦੇ ਸਨ ਅਤੇ ਕੰਮੋਂ ਵਿਹਲੇ ਹੋ ਕੇ ਭਗਤੀ ਵਿਚ ਜੁਟ ਜਾਂਦੇ ਸਨ। ਇਕ ਰਾਤ ਐਸਾ ਹੋਇਆ ਕਿ ਕੁਝ ਰੱਬ ਦੇ ਪਿਆਰੇ ਉਨ੍ਹਾਂ ਦੇ ਘਰ ਆ ਗਏ ਤੇ ਸਾਰੀ ਰਾਤ ਹੀ ਪ੍ਰਭੂ ਦੀ ਸਿਫਤ ਸਲਾਹ ਹੁੰਦੀ ਰਹੀ। ਸਵੇਰੇ ਕੰਮ ਤੇ ਨਾ ਜਾ ਸਕੇ। ਪਰ ਵਾਹਿਗੁਰੂ ਨੇ ਆਪਣੇ ਭਗਤ ਦੀ ਲਾਜ ਰੱਖੀ। ਅਗਲੇ ਦਿਨ ਜਦ ਸੈਣ ਜੀ ਰਾਜ ਦਰਬਾਰ ਪੁੱਜੇ ਤਾਂ ਉਸ ਨੇ ਇਕ ਕੀਮਤੀ ਪੌਸ਼ਾਕ ਖਿੱਲਤ ਵਜੋਂ ਦਿੱਤੀ ਤੇ ਕਿਹਾ ਕਿ ਜੈਸੀ ਸੇਵਾ ਗਏ ਦਿਨ ਕੀਤੀ ਸੀ ਉਸ ਵਰਗੀ ਕਦੇ ਨਹੀਂ ਕੀਤੀ।

ਗੁਰੂ ਗ੍ਰੰਥ ਸਾਹਿਬ ਦੇ ਅੰਗ 695 ਉੱਤੇ ਰਾਗ ਧਨਾਸਰੀ ਵਿਚ ਭਗਤ ਸੈਣ ਜੀ ਦਾ ਇਕ ਸ਼ਬਦ ਅੰਕਿਤ ਹੈ। ਭਗਤ ਸੈਣ ਜੀ ਦਾ ਪ੍ਰਵਾਨਿਤ ਜਨਮ ਸਾਲ 1390 ਈ. ਹੈ ਅਤੇ ਅੰਤਿਮ ਸਮਾਂ 1440 ਈ. ਮੰਨਿਆ ਜਾਂਦਾ ਹੈ। ਆਪ ਰਾਜਾ ਦੇ ਸ਼ਾਹੀ ਨਾਈ ਸਨ ਅਤੇ ਉਸ ਵੇਲੇ ਦੇ ਪ੍ਰਮੁੱਖ ਸੰਤ ਗਿਆਨੇਸ੍ਵਰ ਜੀ ਦੇ ਪਰਮ ਸੇਵਕ ਸਨ। ਭਗਤ ਸੈਣ ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ ਇਸ ਤਰ੍ਹਾਂ ਹੈ –

**ਧੂਪ ਦੀਪ ਘ੍ਰਿਤ ਸਾਜਿ ਆਰਤੀ॥**

**ਵਾਰਨੇ ਜਾਉ ਕਮਲਾ ਪਾਤੀ॥੧॥**

**ਮੰਗਲਾ ਹਰਿ ਮੰਗਲਾ॥**

**ਨਿਤੁ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥**

**ਊਤਮੁ ਦੀਅਰਾ ਨਿਰਮਲ ਬਾਤੀ॥**

**ਤੁਹੀ ਨਿਰੰਜਨੁ ਕਮਲਾ ਪਾਤੀ॥੨॥**

**ਰਾਮਾ ਭਗਤਿ ਰਾਮਾਨੰਦ ਜਾਨੈ॥**

**ਪੂਰਨ ਪਰਮਾਨੰਦੁ ਬਖਾਨੈ॥੩॥**

**ਮਦਨ ਮੂਰਤਿ ਭੈ ਤਾਰਿ ਗੋਬਿੰਦੇ॥**

**ਸੈਨੁ ਭਣੈ ਭਜੁ ਪਰਮਾਨੰਦੇ॥੪॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-695**

## (12) ਭਗਤ ਜੈ ਦੇਵ ਜੀ



ਭਗਤ ਜੈ ਦੇਵ ਜੀ ਦਾ ਜਨਮ ਪੱਛਮੀ ਬੰਗਾਲ ਦੇ ਬੀਰ ਭੂਮ ਜ਼ਿਲ੍ਹੇ ਦੇ ਕੇਂਦੂਲੀ ਨਾਂ ਦੇ ਪਿੰਡ, ਭੋਜ ਦੇਵ ਜੀ ਦੇ ਗ੍ਰਹਿ ਮਾਤਾ ਰਾਮਾ ਦੇਵੀ ਦੀ ਕੁੱਖੋਂ ਬਾਰਵ੍ਹੀਂ ਸਦੀ ਦੇ ਤੀਜੇ ਦਹਾਕੇ ਦੇ ਕਰੀਬ ਹੋਇਆ। ਛੋਟੀ ਉਮਰ ਹੀ ਰਮਤੇ ਬਣ ਫਿਰਨ ਲੱਗੇ ਅਤੇ ਵਿਦਿਆ ਵਿਦਵਾਨਾਂ ਪਾਸੋਂ ਪ੍ਰਾਪਤ ਕੀਤੀ। ਆਪ ਜੀ ਨੂੰ ਗੀਤ ਰਸ ਦਾ ਅਵਤਾਰ ਕਹਿਆ ਜਾਣ ਲੱਗ ਪਿਆ। ਤਿਆਗੀ ਇਤਨੇ ਸਨ ਕਿ ਸਫ਼ਰ ਵਿਚ ਇਕ ਗੜਵਾ ਅਤੇ ਗੋਦੜੀ ਹੀ ਰੱਖਦੇ ਅਤੇ ਇਤਨੀ ਇਹਿਤਆਤ ਵਰਤਦੇ ਕਿ ਦੋ ਰਾਤਾਂ ਇਕ ਦਰੱਖਤ ਹੇਠਾਂ ਮੁਸ਼ਕਿਲ ਨਾਲ

ਗੁਜ਼ਾਰਦੇ ਤਾਂ ਕਿ ਕਿਸੇ ਥਾਂ ਦਾ ਮੋਹ ਨਾ ਜਾਗ ਪਏ। ਪਰ ਪ੍ਰਭੂ ਨੇ ਆਪ ਜੀ ਕੋਲੋਂ ਬਹੁਤ ਵੱਡਾ ਕਾਰਜ ਲੈਣਾ ਸੀ। ਆਪ ਜੀ ਜਗਨਨਾਥ ਪੁਰੀ ਪੁੱਜੇ ਤਾਂ ਉਥੇ ਇਹ ਦੇਖ ਦ੍ਰਵ ਗਏ ਕਿ ਇਕ ਅਗਨੀ ਹੋਤ੍ਰੀ ਬ੍ਰਹਮਣ ਆਪਣੀ ਅਤਿ ਸੁੰਦਰ ਲੜਕੀ ਨੂੰ ਬਲੀ ਚੜ੍ਹਾਉਣ ਲਈ ਲਿਆਇਆ ਹੈ। ਕਹਿੰਦੇ ਹਨ ਕਿ ਇਹ ਆਵਾਜ਼ ਆਈ ਕਿ ਉਸ ਲੜਕੀ ਨੂੰ ਜੈਦੇਵ ਜੀ ਨਾਲ ਪਰਣਾ ਦਿੱਤੀ ਜਾਏ। ਬਲੀ ਕੀਤੀ ਜਾਣ ਵਾਲੀ ਲੜਕੀ ਦਾ ਉਸ ਵੇਲ ਹੱਥ ਫੜ ਲਿਆ ਅਤੇ ਆਪਣਾ ਟਿਕਾਣਾ ਬੀਰ ਭੂਮ ਹੀ ਕਰ ਲਿਆ। ਆਪ ਜੀ ਦੀ ਸੋਭਾ ਚਾਰੇ ਪਾਸੇ ਫੈਲ ਚੁੱਕੀ ਸੀ।

ਬੰਗਾਲ ਦੇ ਰਾਜਾ ਲਕਸ਼ਮਣ ਸੈਨ ਨੇ ਆਪਣਾ ਰਤਨ ਥਾਪਿਆ। ਰਾਜ ਦਰਬਾਰ ਵਿਚ ਚਾਰ ਰਤਨ ਹੋਰ ਸਨ। ਭਗਤ ਜੈਵ ਦੇਵ ਜੀ ਨੇ ਆਪ ਹੀ ਉਨ੍ਹਾਂ ਚਹੁ ਰਤਨਾਂ ਬਾਰੇ ਲਿਖਿਆ ਹੈ ਕਿ ਉਮਾਪਤੀਧਾਰ ਦੀ ਸ਼ਬਦ ਚਿਤ੍ਰਕਾਰੀ, ਸਰਨਾ ਦੀ ਖੜੇ ਖਲੋਤੇ ਕਵਿਤਾ ਰਚਨਾ ਦੀ ਯੋਗਤਾ, ਗੋਵਰਧਨ ਦਾ ਬ੍ਰਿਹੁਬਿਆਨ, ਧੋਈ ਦਾ ਇਕ ਵਾਰ ਕੋਈ ਪਾਠ ਸੁਣ ਕੇ ਹੀ ਸੁਣਾ ਦੇਣਾ ਅਤੇ ਜੈ ਦੇਵ ਦੀ ਨਿਵੇਕਲੀ ਲਿਖਣ ਸ਼ੈਲੀ ਨੂੰ ਕੋਈ ਵਿਰਲਾ ਹੀ ਪੁੱਜ ਸਕਦਾ ਹੈ।

ਸਭ ਤੋਂ ਪਹਿਲਾਂ ਜੈਦੇਵ ਜੀ ਨੇ ਰਸਨ ਰਾਘਵ ਲਿਖਿਆ ਪਰ ਉਨ੍ਹਾਂ ਦੀ ਬਹੁਤੀ ਪ੍ਰਸਿਧੀ 'ਗੀਤ ਗੋਵਿੰਦ' ਲਿਖਣ ਕਰਕੇ ਹੋਈ। ਇਹ ਕਿਹਾ ਜਾਂਦਾ ਹੈ ਜਿਥੇ ਗੀਤ ਗੋਵਿੰਦ ਗਾਇਆ ਜਾ ਰਿਹਾ ਹੋਵੇ, ਉਥੇ ਜਗਨਨਾਥ ਖੁਦ ਆਪ ਸੁਣਨ ਆਉਂਦੇ ਹਨ। ਇਸ ਪ੍ਰਕਾਰ ਦੀਆਂ ਕਈ ਦੰਦ ਕਥਾਵਾਂ ਪ੍ਰਚਲਿਤ ਹਨ। ਹਿੰਦੂ ਮੁਸਲਮਾਨ ਸਭ 'ਗੀਤ ਗੋਵਿੰਦ' ਗਾ ਕੇ ਰਸ ਮਾਣਦੇ ਹਨ। ਤੀਜੀ ਪ੍ਰਸਿਧ ਪੁਸਤਕ ਚੰਦਰਲੋਕ ਹੈ ਜਿਸ ਵਿਚ ਲਿਖਣ ਸ਼ੈਲੀ ਦੇ ਅੰਦਾਜ਼ ਦਰਜ ਹਨ। ਸਭ ਕੁਝ ਪਾ ਕੇ ਵੀ ਜੈ ਦੇਵ ਜੀ ਦਾ ਸੁਭਾ ਉਸੇ ਤਰ੍ਹਾਂ ਤਿਆਗੀ ਅਤੇ ਖੁਲ੍ਹ ਦਿਲਾ ਰਿਹਾ। ਇਕ ਵਾਰੀ ਠੱਗਾਂ ਦੇ ਵਸ ਪੈ ਗਏ ਤਾਂ ਸਭ ਕੁਝ ਆਪ ਹੀ ਦੇ ਦਿੱਤਾ ਅਤੇ ਕਿਹਾ : ਭਲੇ ਲੋਕੋ ! ਇਹ ਮਾਇਆ ਦੀ ਪਕੜ ਹੀ ਪਾਪ ਦਾ ਮੂਲ ਹੈ, ਬੇ-ਸੰਜਮੇ ਨੂੰ ਹੀ ਰੋਗ ਗ੍ਰਸਦੇ ਹਨ ਅਤੇ ਸੰਸਾਰਿਕ ਮੋਹ ਹੀ ਦੁੱਖ ਦਾ ਕਾਰਣ ਹੈ। ਇਨ੍ਹਾਂ ਤਿੰਨਾਂ ਨੂੰ ਤਿਆਗਣ ਨਾਲ ਹੀ ਸੁਖ ਸ਼ਾਂਤੀ ਮਿਲਦੀ ਹੈ। ਥੋੜ੍ਹੇ ਹੀ ਸਮੇਂ ਉਪਰੰਤ ਆਪ ਜੀ ਲਕਸ਼ਮਣ ਸੈਨ ਦਾ ਦਰਬਾਰ ਛੱਡ ਆਪਣੇ ਜਨਮ ਅਸਥਾਨ ਕੇਂਦੂਲੀ ਆ ਗਏ ਅਤੇ ਉਥੇ ਹੀ ਅੰਤਮ ਸਵਾਸਾਂ ਤੱਕ ਲੋਕਾਂ ਨੂੰ ਸ਼ਰਧਾ ਭਗਤੀ ਵਿਚ ਲਗਾਂਦੇ ਰਹੇ। ਆਪ ਜੀ ਦਾ ਦਿਹਾਂਤ 72 ਕੁ ਸਾਲ ਦੀ ਉਮਰ ਵਿਚ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਦੋ ਸ਼ਬਦ ਹਨ : ਇਕ ਰਾਗ ਗੂਜਰੀ ਤੇ ਦੂਜਾ ਰਾਗ ਮਾਰੂ ਵਿਚ ਦਰਜ ਹੈ। ਰਾਗ ਗੂਜਰੀ ਦੇ ਸ਼ਬਦ ਹੀ ਰਾਹਉ ਵਾਲੀ ਤੁਕ ਵਿਚ ਭਗਤ ਜੈ ਦੇਵ ਜੀ ਫਰਮਾਉਂਦੇ ਹਨ ਕਿ ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰਨ ਨਾਲ ਜਨਮ ਮਰਨ, ਬੁਢੇਪਾ, ਚਿੰਤਾ, ਫਿਕਰ ਅਤੇ ਮੌਤ ਦੇ ਡਰ ਦਾ ਦੁੱਖ ਨਹੀਂ ਰਹਿੰਦਾ।

**ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥**

**ਨ ਦਨੋਤਿ ਜਸਮਰਣੇ ਨ ਜਨਮ ਜਰਾਧਿ ਮਰਣ ਭਇਅੰ ॥**(ਪੰਨਾ 526)

ਫਿਰ ਕਹਿੰਦੇ ਹਨ ਕਿ ਪ੍ਰਮਾਮਤਾ ਸਭ ਤੋਂ ਉੱਚੀ ਹਸਤੀ ਹੈ, ਸਭ ਦਾ ਮੂਲ ਹੈ, ਸਭ ਵਿਚ ਵਿਆਪਕ ਹੈ ਅਤੇ ਉਸ ਵਰਗਾ ਹੋਰ ਕੋਈ ਨਹੀਂ।

**ਪਰਮਾਦਿ ਪੁਰਖ ਮਨੋਪਿਮੰ, ਸਤਿ ਆਦਿ ਭਾਵ ਰਤੰ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 526

ਭਗਤ ਜੈ ਦੇਵ ਜੀ ਫਰਮਾਉਂਦੇ ਹਨ, ਜੇ ਤੂੰ ਮੌਤ ਦੇ ਡਰ ਤੋਂ ਬਚਣਾ ਲੋਚਦਾ ਹੈ, ਜੇ ਸੋਭਾ ਖੱਟਣਾ ਚਾਹੁੰਦਾ ਹੈ ਅਤੇ ਨੇਕ ਬਣਨ ਦਾ ਇਛਕ ਹੈ ਤਾਂ ਲੋਭ ਛੱਡ ਦੇਹ, ਪਰਾਏ ਘਰ ਵੱਲ ਤੱਕਣਾ ਤਿਆਗ ਦੇਹ, ਐਸਾ ਕਾਰਜ ਨਾ ਕਰ ਜੋ ਮਰਯਾਦਾ ਦੇ ਉਲਟ ਹੈ ਅਤੇ ਪ੍ਰਭੂ ਦੀ ਸ਼ਰਨ ਲੈ, ਜੋ ਸਦਾ ਕਾਇਮ ਹੈ ਅਤੇ ਸਦਾ ਖਿੜਿਆ ਰਹਿੰਦਾ ਹੈ।

ਲੋਭਾਦਿ ਦ੍ਰਿਸਟਿ ਪਰ ਗਿਹੰ, ਜਦਿਬਿਧ ਆਚਰਣੰ ॥

ਤਜਿ ਸਕਲ ਦੁਹਕ੍ਰਿਤ ਦੁਰਮਤੀ, ਭਜੁ ਚਕ੍ਰਧਰ ਸਰਣੰ ॥(ਪੰਨਾ 526)

ਮਾਰੂ ਰਾਗ ਦੇ ਸ਼ਬਦ ਵਿਚ ਭਗਤ ਜੈਦੇਵ ਜੀ ਫਰਮਾਉਂਦੇ ਹਨ ਕਿ ਮਨ ਨਾ ਟਿਕਣ ਦਾ ਕਾਰਣ ਦੁਬਿਧ ਹੈ ਅਤੇ ਦੁਬਿਧਾ ਵਿਤਕਰੇ ਵਾਲੇ ਸੁਭਾਉ ਤੋਂ ਉਪਜਦੀ ਹੈ, ਇਹ ਵਿਤਕਰਾ ਕੇਵਲ ਸਿਫਤ ਸਾਲਾਹ ਦੀ ਬਰਕਤ ਨਾਲ ਹੀ ਮੁੱਕ ਸਕਦਾ ਹੈ।

**ਮਨ ਆਦਿ ਗੁਣ ਆਦਿ ਵਖਾਣਿਆ ॥**

**ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥**

(ਪੰਨਾ 1106)

ਆਪ ਜੀ ਉਚਾਰਦੇ ਹਨ ਕਿ ਸਿਫਤ ਸਾਲਾਹ ਦੇ ਟਾਕਰੇ ਪ੍ਰਾਣਾਯਾਮ ਆਦਿ ਕੁਝ ਵੀ ਨਹੀਂ। ਵਿਆਖਿਆ ਕਰਦੇ ਕਹਿੰਦੇ ਹਨ ਕਿ ਖੱਬੀ ਸੁਰ ਪ੍ਰਾਣ ਚਾੜ੍ਹਨੇ, ਸੁਖਮਨਾ ਵਿਚ ਅਟਕਾਈ ਰਖਣੇ ਅਤੇ ਸੱਜੀ ਸੁਰ ਰਾਹੀਂ ਸੋਲਾਂ ਵਾਰੀ ਓਮ ਆਖ ਕੇ ਵਾਪਸ ਲਿਆਣੇ, ਸਿਫਤ ਸਾਲਾਹ ਦੇ ਮੁਕਾਬਲੇ ਤੁਛ ਹੈ। ਸਾਰੀ ਲੋੜ ਮਨ ਦਾ ਵਿਤਕਰੇ ਵਾਲਾ ਸੁਭਾਉ ਮੁਕਾਉਣਾ ਹੈ ਅਤੇ ਜੋ ਕਿ ਨਾਮ ਅੰਮ੍ਰਿਤ ਪੀਣ ਨਾਲ ਤੇ ਸਿਮਰਨ ਨਾਲ ਮੁੱਕਦਾ ਹੈ।

**ਚੰਦਸਤ ਭੇਦਿਆ ਨਾਦ ਸਤ ਪੂਰਿਆ,**

**ਸੂਰ ਸਤ ਖੋੜਸਾਦਤੁ ਕੀਆ ॥**

**ਅਬਲ ਬਲੁ ਤੋੜਿਆ ਅਚਲ ਚਲੁ ਥਪਿਆ,**

**ਅਘੜੁ ਘੜਿਆ ਤਹਾ ਅਪਿਓ ਪੀਆ ॥**(ਪੰਨਾ 1106)

ਅੰਤ ਵਿਚ ਜੈਦੇਵ ਜੀ ਫਰਮਾਉਂਦੇ ਹਨ ਕਿ ਅਰਾਧਾਨਾ, ਸ਼ਰਧਾ ਅਤੇ ਸਿਮਰਨ ਹੀ ਉਸ ਨਾਲ ਇਕ ਮਿਕ ਕਰਦੇ ਹਨ ਅਤੇ ਵਾਸ਼ਨਾ ਰਹਿਤ ਜੀਵਨ ਗੁਜਾਰਿਆ ਪ੍ਰਭੂ ਮਿਲ ਪੈਂਦਾ ਹੈ। ਸਾਨੂੰ ਸਮਝਾ ਰਹੇ ਹਨ ਕਿ ਨਾਮ ਸਿਮਰਨ ਨਾਲ ਐਸੀ ਅਸਚਰਜ ਮਈ ਇਕਾਗਰਤਾ ਪੈਦਾ ਹੁੰਦੀ ਹੈ, ਜਿਸ ਦੁਆਰਾ ਪ੍ਰਭੂ ਹਿਰਦੇ ਵਿਚ ਹੀ ਦੇਖ ਲਈਦਾ ਹੈ :

**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**

**ਸਲਲ ਕਉ ਸਲਲਿ ਸੰਮਾਨਿ ਆਇਆ ॥**

**ਬਦਤਿ ਜੈਦੇਉ ਜੈਦੇਵ ਕਉ ਰੰਮਿਆ**

**ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥2 ॥**

(ਪੰਨਾ 1106)

**(ਬਾਕੀ ਅਗਲੇ ਅੰਕ 'ਚ)**


**ਭਗਵਾਨ ਸਿੰਘ**
**ਲੁਬਾਣਾ**
98155-40240




# ਗਿਆਨ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

**ਵਿਹਾਰ ਸੁਧਾਰ ਕਾਨਫਰੰਸਾਂ** – ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਬਹੁਤ ਸਾਰੇ ਪਿੰਡਾਂ ਵਿਚ ਦੌਰਾ ਕਰਕੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ। ਸਿੱਖੀ ਦੇ ਪ੍ਰਚਾਰ ਵਿਚ ਕਾਫੀ ਸਫਲਤਾ ਮਿਲੀ। ਹੁਣ ਬਰਾਦਰੀ ਦੀਆਂ ਸਮਾਜਕ ਬੁਰਿਆਈਆਂ ਵੱਲ ਉਨ੍ਹਾਂ ਦਾ ਧਿਆਨ ਹੋਇਆ। ਕਈ ਘਟੀਆਂ ਰਸਮਾਂ, ਕਈ ਫਜ਼ੂਲ ਖਰਚ ਅਤੇ ਕਈ ਮਨਮਤਾਂ ਜੋ ਕਿ ਸਿੱਖੀ ਅਸੂਲਾਂ ਦੇ ਉਲਟ ਸਨ, ਇਨ੍ਹਾਂ ਨੂੰ ਦੂਰ ਕਰਨ ਦਾ ਪੱਕਾ ਇਰਾਦਾ ਕਰਕੇ ਸਭ ਤੋਂ ਪਹਿਲਾਂ ਪਿੰਡ ਬਜ਼ੁਰਗਵਾਲ ਵਿਚ ਸੰਨ ੧੯੧੯ ਈਸਵੀ ਨੂੰ ਇਕ ਵਿਹਾਰ–ਸੁਧਾਰ ਕਾਨਫਰੰਸ ਰੱਖੀ। ਇਸ ਕਾਨਫਰੰਸ ਵਿਚ ਬਰਾਦਰੀ ਦੇ ਦੂਰ–ਦੂਰ ਤੋਂ ਨੁਮਾਇੰਦੇ ਪੁੱਜੇ। ਜੈਸਾ ਕਿ ਜੰਮੂ ਕਸ਼ਮੀਰ, ਗੁਜਰਾਤ ਕਾਠੀਆਵਾੜ ਅਤੇ ਯੂ.ਪੀ. ਪੀਲੀ ਭੀਤ ਤੋਂ ਕੰਵਲ ਮੰਨਾ ਸਿੰਘ ਅਤੇ ਕੰਵਲ ਮਿਲਾਪ ਸਿੰਘ, ਮਾਧੋ ਟਾਂਡਾ ਸਟੇਟ ਤੋਂ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਹੇਠ ਲਿਖੇ ਮਤੇ ਸਰਬਸੰਮਤੀ ਨਾਲ ਪਾਸ ਹੋਏ :

1. ਲੜਕੇ ਲੜਕੀ ਦੀਆਂ ਚਾਰ ਲਾਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਲਿਖੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਕੇ ਕੀਤੀਆਂ ਜਾਣ;
2. ਸੋਨੇ ਚਾਂਦੀ ਦੇ ਜ਼ੇਵਰ ਵਿਆਹ ਕੁੜਮਾਈਆਂ ਵਿਚ ਬਿਲਕੁਲ ਬੰਦ ਕੀਤੇ ਜਾਣ;
3. ਬਰਾਤ ਦੇ ੨੫ ਬੰਦੇ ਹੋਣ, ਵੱਧ ਨਾ ਹੋਣ। ਬਰਾਤ ਸ਼ਬਦ ਪੜ੍ਹਦੀ ਜਾਵੇ ਤੇ ਅੱਗੋਂ ਸ਼ਬਦ ਪੜ੍ਹਦਿਆਂ ਹੀ ਬਰਾਤ ਦੀ ਮਿਲਣੀ ਕੀਤੀ ਜਾਵੇ;
4. ਬਰਾਤ ਕੁੜਮਾਂ ਦੇ ਘਰ ਇੱਕ ਰਾਤ ਹੀ ਰਹੇ;
5. ਦਾਜ ਦਾ ਵਿਖਾਵਾ ਨਾ ਕੀਤਾ ਜਾਵੇ ਤੇ ਦਾਜ ਸੰਕੋਚਵਾਂ ਦਿੱਤਾ ਜਾਵੇ;
6. ਸੁੱਟ ਕਰਨੀ ਤੇ ਬਰਾਤ ਨਾਲ ਵਾਜਾ ਆਦਿ ਲੈ ਜਾਣਾ ਬੰਦ ਕਤਾ ਜਾਵੇ;
7. ਡੋਲੀ ਦੇ ਨਾਲ ਘਰ ਦਾ ਕੋਈ ਬੰਦਾ ਨਾ ਜਾਵੇ;
8. ਵਿਆਹ ਤੋਂ ਪਹਿਲਾਂ ਮੁੰਡੇ ਕੁੜੀ ਨੂੰ ਅੰਮ੍ਰਿਤ ਛਕਾ ਲਿਆ ਜਾਵੇ;
9. ਬਰਾਤ ਕੁੜੀ ਵਾਲਿਆਂ ਦੇ ਘਰ ਸ਼ਰਾਬ ਪੀ ਕੇ ਕਤਈ ਨ ਜਾਵੇ;
10. ਕੁੜੀ ਦਾ ਰਿਸ਼ਤਾ ਛੱਡਣ ਵਾਲੇ ਨਾਲ ਕੋਈ ਰਿਸ਼ਤਾ ਨਾ ਕਰੇ;
11. ਪੁਰਾਣਾ ਪਹਿਰਾਵਾ ਛੱਡ ਕੇ ਬੀਬੀਆਂ ਸਲਵਾਰ ਕੁੜਤਾ ਪਾਉਣ;
12. ਵਿਧਵਾ ਦੀ ਦੋਬਾਰਾ ਸ਼ਾਦੀ ਕੀਤੀ ਜਾਵੇ;
13. ਆਪਸੀ ਝਗੜਿਆਂ ਦੇ ਫੈਸਲੇ ਪੰਚਾਇਤਾਂ ਰਾਹੀਂ ਕੀਤੇ ਜਾਣ;
14. ਹਰ ਇਕ ਪ੍ਰਾਣੀ ਦੀ ਮੌਤ ਪਿੱਛੋਂ ਅਖੰਡ ਪਾਠ ਜਾਂ ਸਹਿਜ ਪਾਠ ਕਰਾਇਆ ਜਾਵੇ ਤੇ ਭੋਗ ਦੇ ਸਮੇਂ ਹੀ ਯਤਾ ਸ਼ਕਤ ਲੰਗਰ ਕਰਕੇ ਅੰਤਮ ਸੰਸਕਾਰ ਖਤਮ ਕਰ ਦਿੱਤਾ ਜਾਵੇ। ਬ੍ਰਾਹਮਣਵਾਦ ਅਨੁਸਾਰ ਬਸਤਰ ਬਰਤਨ ਆਦਿ ਦੀ ਹੋਰ ਕਿਰਿਆ ਨਾ ਕੀਤੀ ਜਾਵੇ। ਰੋਣਾ ਪਿੱਟਣਾ, ਵਿਰਲਾਪ ਕਰਨਾ ਗੁਰੂ ਦੇ ਬਚਨ ਦੀ ਉਲੰਘਣਾ ਹੈ;
15. ਬੁੱਢੇ ਮਰਨ ਤੇ ਇਕੱਠ ਆਦਿ ਨਾ ਕੀਤਾ ਜਾਵੇ, ਸਿਰਫ਼ ਪਾਠ ਦਾ ਭੋਗ ਹੀ ਪੁਆ ਲਿਆ ਜਾਵੇ। (ਅੱਜਕੱਲ੍ਹ ਜੇਕਰ ਕਿਸੇ ਦੀ ਕੁੜੀ ਦਾ ਸੱਸ ਸਹੁਰਾ ਮਰ ਜਾਵੇ ਤਾਂ ਬੜਾ ਘਟੀਆ ਰਿਵਾਜ਼ ਚਲਿਆ ਹੈ ਕਿ ਜਿਹੜਾ ਕੁੜੀ ਦੇ ਪੇਕਿਆਂ ਵੱਲੋਂ ਸਾਈਕਲ, ਟੀ.ਵੀ., ਫਰਿਜ਼ਾਂ, ਸਟੀਲ ਦੇ ਬਰਤਨ, ਅਲਮਾਰੀਆਂ ਆਦਿ ਬੁਰਦੋ–ਬੁਰਦੀ ਦੇਣੀਆਂ, ਇਹ ਭਾਰੀ ਮਨਮਤ ਭੀ ਹੈ ਤੇ ਬੜੀ ਵੱਡੀ ਸਮਾਜਕ ਬੁਰਿਆਈ ਭੀ ਹੈ, ਇਹ ਬੰਦ ਹੋਣੀ ਚਾਹੀਦੀ ਹੈ।)

ਉਪਰੋਕਿਤ ਮਤਿਆਂ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਕਿਰਪਾ ਨਾਲ ਕਾਫੀ ਅਮਲ ਹੋਇਆ। ਕਈ ਚੰਗੇ ਚੰਗੇ ਭੱਦਰਪੁਰਸ਼ ਜੋ ਆਪਣੀ ਨੱਕ ਰੱਖਣ ਲਈ ਸੋਨੇ ਦੇ ਜ਼ੇਵਰ, ਬਰਾਤੀ ੨੫ ਬੰਦਿਆਂ ਤੋਂ ਵੱਧ, ਬਰਾਦਰੀ ਦੇ ਫੈਸਲੇ ਨੂੰ ਤੋੜ ਕੇ ਲਿਆਏ ਸਨ, ਉਨ੍ਹਾਂ ਦੀਆਂ ਬਰਾਤਾਂ ਮੁੜ ਗਈਆਂ। ਕਈ–ਕਈ ਦਿਨ ਰੁਲਦੀਆਂ ਰਹੀਆਂ। ਅਖੀਰ ਜਦੋਂ ਬਰਾਦਰੀ ਦੇ ਫੈਸਲੇ ਨੂੰ ਉਨ੍ਹਾਂ ਮੰਨਿਆ, ਫਿਰ ਉਨ੍ਹਾਂ ਦੀਆਂ ਬਰਾਤਾਂ ਦੇ ਢੁਕਾ ਹੋਏ। ਕਈ–ਕਈ ਪਿੰਡਾਂ ਵਿਚ ਇਨ੍ਹਾਂ ਮਤਿਆਂ ਨੂੰ ਤੋੜਨ ਵਾਲਿਆਂ ਨੂੰ ਡੰਡ ਭੀ ਲੱਗੇ। ਕਈਆਂ ਦਾ ਬਾਈਕਾਟ ਭੀ ਕੀਤਾ ਗਿਆ। ਇਸ ਤਰ੍ਹਾਂ ਇਹ ਵਿਹਾਰ–ਸੁਧਾਰ ਕਾਨਫਰੰਸਾਂ ਹੇਠ ਲਿਖੇ ਅਨੁਸਾਰ

**ਚਿੜਚਿੜਾਪਨ, ਚਿੰਤਾ, ਅਸੰਤੋਖ ਅਤੇ ਦੂਜਿਆਂ ’ਚ ਦੋਸ਼ ਲੱਭਣ ਨਾਲ ਅਸੀਂ ਆਪਣੀ ਬਹੁਮੁੱਲੀ ਸ਼ਕਤੀ ਜਾਇਆ ਕਰ ਲੈਂਦੇ ਹਾਂ।**

**ਸਵੇਟ ਮਾਰਡਨ**

ਹੋਈਆਂ –

| | | |
|---|---|---|
| 1. ਬਜ਼ੁਰਗਵਾਲ | ਜ਼ਿਲ੍ਹਾ ਗੁਜਰਾਤ | 1918 ਈ. ਨੂੰ |
| 2. ਸਾਮਕੇ | ਜ਼ਿਲ੍ਹਾ ਸ਼ੇਖੂਪੁਰਾ | 1922 ਈ. ਨੂੰ |
| 3. ਮਿਰਜ਼ਾਪੁਰ | ਜ਼ਿਲ੍ਹਾ ਗੁੱਜਰਾਂਵਾਲਾ | 1924 ਈ. ਨੂੰ |
| 4. ਘੋਖਰ ਵਾਲੀ | ਜ਼ਿਲ੍ਹਾ ਸਿਆਲਕੋਟ | 1925 ਈ. ਨੂੰ |
| 5. ਨੰਗਲ ਸਾਧਾਂ | ਜ਼ਿਲ੍ਹਾ ਸ਼ੇਖੂਪੁਰਾ | 1926 ਈ. ਨੂੰ |
| 6. ਚੱਕ 441 | ਜ਼ਿਲ੍ਹਾ ਲਾਇਲਪੁਰ | 1927 ਈ. ਨੂੰ |
| 7. ਚੱਕ 37 ਪੱਤੋਕੇ | ਜ਼ਿਲ੍ਹਾ ਲਾਹੌਰ | 1928 ਈ. ਨੂੰ |

(ਇਹ ਸਮਾਜਕ ਸੁਧਾਰ ਦੀ ਲਹਿਰ ਮਹਾਂਪੁਰਖਾਂ ਦੇ ਨਾਲ ਕੁੱਝ ਦਾਸ ਨੇ ਅੱਖੀਂ ਦੇਖੀ। ਭਾਵੇਂ ਕਈ ਗੱਲਾਂ ਦਾ ਅਸਰ ਤਾਂ ਹੁਣ ਭੀ ਹੈ, ਪਰ ਕਈ ਹੋਰ ਸਮਾਜਕ ਬੁਰਿਆਈਆਂ ਵਧ ਭੀ ਗਈਆਂ ਹਨ, ਗੁਰੂ ਕਿਰਪਾ ਕਰੇ, ਸੁਮੱਤ ਬਖ਼ਸ਼ੇ।)

ਵਿਹਾਰ ਸੁਧਾਰ ਲਹਿਰ ਵਿਚ ਡਾਕਟਰ ਸੁੰਦਰ ਸਿੰਘ ਜੀ ਬਰਮਾ ਤੋਂ ਰਿਟਾਇਰ ਹੋ ਕੇ ਬਜ਼ੁਰਗਵਾਲ ਆ ਗਏ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਕਾਫੀ ਹੱਥ ਵਟਾਇਆ। ਉਹ ਇਨ੍ਹਾਂ ਰਸਮਾਂ ਤੇ ਫਜ਼ੂਲ ਖਰਚਿਆਂ ਦੇ ਹਟਾਉਣ ਦੇ ਸੰਬੰਧ ਵਿਚ ਕਾਫੀ ਦਿਲਚਸਪੀ ਰੱਖਦੇ ਸਨ। ਇਨ੍ਹਾਂ ਉਪਰੋਕਤ ਵਿਹਾਰ ਸੁਧਾਰ ਕਾਨਫਰੰਸਾਂ ਦਾ ਬਹੁਤਾ ਸਮਾਚਾਰ ਲੈਫਟੀਨਲ ਕਰਨਲ ਸ. ਗੁਲਚਰਨ ਸਿੰਘ ਜੀ ਦੀ ਲਿਖੀ 'ਜੀਵਨੀ ਸੰਤ ਪ੍ਰੇਮ ਸਿੰਘ ਜੀ' ਤੋਂ ਪ੍ਰਾਪਤ ਹੋਇਆ ਹੈ, ਉਨ੍ਹਾਂ ਦਾ ਮੈਂ ਧੰਨਵਾਦ ਕਰਦਾ ਹਾਂ।

(ਚਲਦਾ)

# ਸੂਚਨਾ ਹਿੱਤ ਨੋਟਿਸ

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ–30–ਏ ਚੰਡੀਗੜ੍ਹ ਦੇ ਸਮੂਹ ਮੈਬਰਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਇਸ ਸੰਸਥਾ ਦੇ ਰੈਗੂਲਰ ਪ੍ਰਧਾਨ ਸਹਿਬਾਨ ਦੀ ਚੋਣ ਪ੍ਰਕਿਰਿਆ ਆਰੰਭਦੇ ਹੋਏ, ਐਡਹੌਕ ਕਮੇਟੀ ਦੀ ਮਿਤੀ–21–11–2020 ਨੂੰ ਹੋਈ ਮੀਟਿੰਗ ਵਿਚ ਲਏ ਫੈਸਲੇ ਅਨੁਸਾਰ, ਵੋਟਰ ਲਿਸਟ ਦੀ ਅੱਪਡੇਸ਼ਨ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ। ਵੋਟਰ ਲਿਸਟ ਨੂੰ ਫਾਉਂਡੇਸ਼ਨ ਦੀ ਵੈੱਬ ਸਾਈਟ– www.lobanafoundation.org/wp-admin ਤੇ ਪਾ ਦਿੱਤਾ ਗਿਆ ਹੈ। ਸਾਰੇ ਮੈਂਬਰ ਇਸ ਲਿਸਟ ਨੂੰ ਦੇਖ ਕੇ, ਨਾਮ–ਪਤਾ ਜਾਂ ਮੋਬਾਇਲ ਨੰ. ਆਦਿ ਵਿਚ ਕਰਨ ਵਾਲੀ ਸੋਧ ਲਈ ਫਾਉਂਡੇਸ਼ਨ ਦੀ ਈ–ਮੇਲ– lobanafoundation@gmail.com ਜਾਂ ਮੋਬਾਇਲ ਨੰ. 73470–65188 ਤੇ ਵੀ ਸੂਚਨਾ ਦੇ ਸਕਦੇ ਹਨ। ਜੇ ਕਿਸੇ ਮੈਂਬਰ ਦਾ ਨਾਮ ਗਲਤੀ ਨਾਲ ਵੋਟਰ ਲਿਸਟ ਵਿਚ ਦਰਜ ਹੋਣ ਤੋਂ ਰਹਿ ਗਿਆ ਹੋਵੇ ਅਤੇ ਜਿਹੜੇ ਮੈਂਬਰ ਸਾਹਿਬਾਨਾਂ ਦੇ ਮੈਂਬਰ ਕਾਰਡ ਨਹੀਂ ਹਨ ਤਾਂ ਉਹ ਵੀ ਇਸ ਸਬੰਧੀ ਸੂਚਨਾ ਉਕਤ ਦਰਸਾਈ ਈ–ਮੇਲ ਜਾਂ ਫੋਨ ਨੰਬਰ ਤੇ ਭੇਜਣ ਦੀ ਖੇਚਲ ਕਰਨ ਜੀ। ਮਿਤੀ–31–12–2020 ਤੋਂ ਬਾਅਦ ਇਸ ਲਿਸਟ ਵਿਚ ਕਿਸੇ ਤਰ੍ਹਾਂ ਦੀ ਵੀ ਸੋਧ ਨਹੀਂ ਹੋ ਸਕੇਗੀ।

**ਆਪ ਜੀ ਦਾ ਸ਼ੁਭ ਚਿੰਤਕ**

**(ਕੁਲਬੀਰ ਸਿੰਘ ਸੁਜਲਾਣਾ) (ਐੱਸ.ਈ. ਸੇਵਾ ਮੁਕਤ)**

**ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30 ਏ ਚੰਡੀਗੜ੍ਹ।**

**ਸੁੰਦਰ ਔਰਤ ਹੀਰਾ ਹੈ ਪਰੰਤੂ ਨੇਕ ਔਰਤ ਹੀਰਿਆਂ ਦੀ ਖਾਣ ਹੈ।**

**(ਸ਼ੇਖ ਸਾਅਦੀ)**

# General Secretary's Report on Activities of Baba Makhan Shah Lobana Foundation (Regd.) Sector-30A, Chandigarh



**General Secretary**
**BMSL Foundation**
**Mob: 98725-13970**

**Er. Kulbir Singh Sujlana,**
**S.E, PB. (P.H) (Retd.)**

Respected Members,

Sat Sri Akal. You are all aware that First Issue of' Lobana Sewak' was printed and published for the period June to November, 2020. Just to remind the honorable members, who have not received the copy of Lobana Sewak Magazine mentioned above, brief Description of the Present Management of Baba Makhan Shah Lobana Foundation (Regd.), Chandigarh is being brought to your kind notice again as under:

***The Election of the New President and the Office Bearers could not be held upto 31/03/2020 due to COVID-19 Pandemic, Lockdown and restrictions on movement of people imposed by the Government of India, Govt, of Punjab and UT Administration, Chandigarh. Subsequently as per Constitution Article 12(a), the term of the previous Management, Office Bearers and the Executive Committee had to be extended upto 30/06/2020. However, the elections could not be conducted evenwithin this extended period upto 30/06/2020. The Office Bearers of the previous Management and the Executive committee became defunct on 30/06/2020 and the Office Bearers automatically relinquished their charge on 30/06/2020.***

***So, In compliance of the provisions of Article 12(a) of the Constitution of BMSL Foundation (Regd.), the three immediate Past Presidents, (excluding those who relinquished their charge), namely***

***(i) Er.Harbhajan Singh, Dy,C.E(Retd.) (Past-President)***

***(ii) S.Pritam Singh Naurangpur (Past-President)***

***(iii) S.GurcharanSingh,ARO (Retd.) (Past-President)***

***assumed the Powers, Functions, Duties, Powers of Superintendence and Control of Administration as well as became Custodians of the assets of BMSL Foundation (Regd.) w.e.f 01/07/2020 (F/N) and elected S.Pritam Singh Naurangpur as the working President.***

In the beginning as on 01-07-2020, the Adhoc Committee consisted of Seven members, including President, General Secretary and Finance Secretary. ***Due to repeated acts of Serious Misconduct and Indiscipline on the part of S. Jagir Singh Lalia, Ex-President and member Adhoc Committee, S. Jagir Singh Lalia was removed as a member of the Adhoc Committee vide this Office order No.7126 Dated 01-11-2020 by taking action under Article 15 of the Constitution of the Foundation by accepting the three-member Disciplinary Committee's, Inquiry report & Recommendations submitted on 08-10-2020, for smooth functioning and saving the reputation of this prestigious***

***Institution***. Now the routine affairs of the Foundation are being looked after by six member Adhoc Committee, consisting of S. Pritam Singh Naurangpur as President(w), Er. Kulbir Singh Sujlana as General Secretary(w) and Gulshan Kumar Singh as Finance Secretary(w), Er. Harbhajan Singh and Er. Gurcharan Singh both as Past Presidents-cum-Members and Maj. N S Multani (Retd.) as Member .

The Present Management of this Foundation has taken many hard steps to cleanse the existing deteriorated functioning system of this Foundation. The report on brief activities of this Foundation is as under:

***1. Loss of Rs.97,600/= to the BMSL Foundation on account of Non-Submission of mandatory Annual Return for the F. Y. 2017-18 on FCRA Portal by the previous Management i.e. S. Jagir Singh Lalia, Ex-President .***

Submission of Annual Return to GOI under Section-18, FCRA read with Rule 17 FCRA 2011, for the Foreign Contribution Received by the Foundation is Mandatory. But the previous Management of BMSL Foundation, headed by S.Jagir Singh Lalia, failed to file the mandatory Annual Return for F.Y-2017-18 on FCRA portal upto 31/12/2018, and even upto the extended date of 31/03/2019, which is violation of Section 18 of the Act reads with rule 17 of FCRA rules 2011 and ***as a penal action under Section 14 of the Act, Central Govt. cancelled the Registration Certificate of this Foundation (i.e. Registered Number-291420030R) vide GOI, MHA (Foreign Division) order dated 18 October, 2019***.

***a) S. Jagir Singh Lalia, Ex-President has been found responsible for this serious lapse which has not only resulted in a financial loss of Rs.97,600/= (Penalty Amount) but has made this Foundation redundant. Now this Foundation cannot receive any Foreign Contributions in Future till new registration certificate is approved by the Govt. of India.***

**b)** Renewal Application of FCRA Registration, has been rejected by the GOI, Ministry of Home Affairs (Foreigners Division) vide letter No.0100020852020 dated 04-11-2020 and now GOI has advised that in terms of Rule 9(3) of FCR rules 2011, to submit a fresh online application complete in all respects along with all required supporting documents. And action in this respect has been initiated. ***(Part Disciplinary action taken against Sh. Jagir Singh Lalia, Ex-President has been mentioned at Sr. No-8 of this Report.)***

**2. <u>Completion of Fire Safety Equipment Project installed in Bhai Mani Singh Block, BMSL Foundation (Regd.), Chandigarh.</u>**

The Fire Safety Equipment in Bhai Mani Singh Block was installed and made operational during the period 2014-2016 and NOC could not be obtained from UT fire Deptt. ***Matter was further discussed with the Fire Department which revealed that there was no correspondence during the period 2017 to till date and as such now a new case for NOC will have to be submitted online along with fee of Rs.10 per Sqm. Fire Safety NOC is mandatory for using this Building***. Due to non-action by the previous Management, Updation of the Equipment installed by removing the shortcomings, new Management has now started pursuing this matter from scratch to get the NOC.Hence a Committee with Er. Harbans Singh S.E. (Retd.), as Convenor, was constituted to get this work completed as per Fire Safety Norms Code. An additional storage of 5000 Litre Capacity water tank has been provided over the roof of Bhai Mani Singh Block which will be exclusively used for Fire Fighting purposes. Inlet and the outlet pipes for Fire Fighting have been redesigned and installed in such a way that fresh water remains

circulated amongst water storage tanks from Fire Fighting water tank to the already installed 2 nos. 5000 Litre capacity (each) water tanks. The pumping set has also been got repaired and the fire fighting MS Delivery pipe has been dismantled and refitted with the newly installed water tank with a provision of NRV so that in case of fire, when the fire fighting water tankers are attached with the Foundation's fire fighting system, the storage tanks do not get damaged due to high pressure. Now the Fire Fighting Equipment is totally complete and NOC will be applied online, shortly.

***3. Election for the Office of the President of Baba Makhan Shah Lobana Foundation (Regd.)***

Adhoc Committee in its meeting held on 28.12.2020 had authorized the undersigned to take up the matter in writing with Deputy Commissioner, Chandigarh (UT) for permission to conduct the Election for the President of BMSL Foundation, Chandigarh. Consequently, Deputy Commissioner, UT Chandigarh was requested vide BMSL Letter No.7167 Dated 30-12-2020 for grant of permission for conducting regular Election for the Office of President BMSL Foundation, Chandigarh.

In the Adhoc Committee meeting held on 27-02-2021, undersigned explained the response of Deputy Commissioner UT, Chandigarh received vide his Office Memo No. ***DM/MA/IV/2021/1570 Dated 19-01-2021 and received in this Office on 01-02-2021, as under:***

***"In this regard you are informed that no such permission for conducting Elections of Society Associations, etc. registered under the societies Registration Act are being granted by this office."***

And the following decisions were taken in this meeting

***1) "To conduct the Election of the new President of BMSL Foundation, Chandigarh on 18-04-2021 followed by General Body meeting to approve the Election of the President.***

***2) Cut-off date, as per Article-18-D(IV) of the Constitution i.e.***

***"Members who acquired membership of the Foundation upto 6 months prior to the date on which the meeting of the General body is convened for election", has been kept as 17-10-2020.***

***3) It was decided to constitute an Election Committee in accordance with Article -12(b) of the Constitution of BMSL Foundation. This Meeting shall be convened at the earliest as possible to constitute this Election Committee."***

So as per the above decision for conducting Election of the President on 18-04-2021, the Election Committee was constituted as under vide this Office Order No.7194 Dated 06-03-2021:

| S.No. | Name of Election Committee Member & Membership No. | Designation | Mobile number |
|---|---|---|---|
| 1. | Er. Harbhajan Singh, DyCE-(Retd.)- P-27 | Immediate Past President | 98140-62091 |
| 2. | Er. Gurcharan Singh, ARO(Retd.)- P-23 | Immediate Past President | 98140-17067 |
| 3. | S. Jagmohan Singh, Addl. Director (Finance), Pb.(Retd.)-P-30 | Member | 93161-04099 |

| | | | |
|---|---|---|---|
| 4. | S. Baldev Singh Munder, Sr. Bank Manager (Retd.)- LM-1898 | Member | 83609-07886, 94171-45424 |
| 5. | Lt. Col. Jagtar Singh Multani- P-78 | Member | 98781-16879 |
| 6. | S. Gurmeet Singh Nadala, Tehsildar (Retd.)- | Member | 98151-63636 |
| 7. | LM-2390 S. Vikramjit Singh- LM-1664 | Member | 98761-10363 |

***Undersigned was appointed as Co-ordinator of the Election Committee.***

***The Election Committee held its first meeting on 11-03-2021 and in pursuance to the provisions of Article 12 (a) read with Article 18 of the Constitution of BMSL Foundation, finalized and issued the Election Schedule as under:***

| | | Date | Time | Place |
|---|---|---|---|---|
| 1. | Issue of nomination Papers | 15-03-2021 to 20-03-2021 (6 days) | 10.00 a.m to 4.00 p.m | Office of BMSL Bhawan, Sec-30 A chandigarh. |
| 2. | Submission of nomination Papers by the candidates As per Form 'A', along with Security Deposit of Rs. 11000/- Non-Refundable In cash/ Online in ***BMSL Current A/c No.35383628122 IFSC No.SBIN0001443 SBI, Sector-30-D, Chandigarh*** | 21-03-2021 to 23-03-2021 | 10.00 a.m to 4.00 p.m | -Do- |
| 3. | Scrutiny of nomination Papers | 24-03-2021 | -Do- | -Do- |
| 4. | Consensus Process | 25-03-2021 to 31.03.2021 | -Do- | -Do - |
| **4(B)** | **If consensus reached then General Body meeting will be held for approval** | **18-04-2021** | **12:15 PM** | **-Do -** |
| 5. | Withdrawal | 01-04-2021 to 02-04-2021 | 10.00 a.m to 4.00 p.m | -Do- |
| **6.** | **If consensus not reached then Voting & counting General Body meeting will be held for approval** | **18-04-2021** | **08.00 a.m to 4.00 p.m** | **-Do-** |

All the registered members of BMSL Foundation have been informed through letters under UPC and the Election process has been set in motion. ***In the wake of recent surge in COVID-19 cases in Punjab & Chandigarh, efforts should be made by all the members for consensus on the candidate for post of President, to avoid Election in such a Scenario***

**4) Raising of Funds for BMSL Foundation to meet the routine Financial requirements:**

This Management took over the charge of this Foundation on 01/07/2020 and previous Management had almost exhausted the funds available in the Accounts ***except an amount of about Rs. 26,000/= in saving bank accounts and FDRs amounting to Rs. 25 Lakhs***. It is worth important to mention here that the previous Management got funds including FDRs amounting to Rs. 40 Lakhs (Approx.) from its predecessor Management headed by S. Gurcharan Singh, Ex-President. The outgoing Management also ***left a huge liability for the period January, 2020 to June, 2020 (Details given at Sr.no-8 (b) of this report).*** Due to paucity of funds, it was difficult to meet the day-to-day financial requirements. So, Adhoc Committee decided to launch a Fund-raising Campaign and as a result of this campaign, members and Office Bearers made strenuous efforts and collected funds amounting to Rs. 25.18 Lakhs (Approx.), which made the Financial Position of this Foundation, a bit comfortable. ***Out of savings of the collected funds, the Adhoc Committee created an another FDR, thus raising the FDRs amount to Rs. 31.00 Lakhs against FDRs amount of Rs. 25.00 Lakhs taken over from the previous Management***.

**5) Disposal of old Ballot papers pertaining to the Election of the President held in 2017.**

As per decision taken in the Adhoc Committee meeting held on 28-12-2020, a three-member Committee with Smt. Harpreet Kaur Pelia as Convenor and Maj N S Multani (Retd.) and S. Nirmal Singh, Mtc. Incharge, as members, was constituted vide this Office Order No. 7163 Dated 28-12-2020. The Committee after disposing of old Ballot Papers submitted its report which was agreed to unanimously by the Adhoc Committee and was filed.

**6) Functioning of the Medical Wing in the BMSL Bhawan Premises.**

In the wake of current scenario of COVID-19 Pandemic, the Adhoc Committee is not in favor of reopening of the Medical Wing for the time being and the decision in this regard was left to the new regular Management after completion of Election process on 18-04-2021.

**7) Serious Financial Irregularities and Financial loss to the Foundation in respect of non-reimbursement of subsidy claim amounting to Rs. 6.15 Lakhs in respect of Providing, installing and commissioning of 50KWp Solar System, financial loss of Rs. 1,67,540/= on account of making payment of GST to the vendor but not claiming the GST credit in favor of the Foundation.**

In view of the serious financial irregularities and willful loss to the Foundation by the previous Management headed by S. Jagir Singh Lalia, a three-member Disciplinary Committee with S. Narinder Singh, PES (Retd.) as Convenor and Col. Jagtar Singh Multani (Retd.) and S.Manjeet Singh Lobana as members, was constituted vide this Office Order No. 7147 dated 28-12-2020 to inquire into the financial irregularities and financial loss to the Foundation. The Disciplinary Committee submitted its report to the President, BMSL Foundation vide No. SIDP/35 on 15-02-2021. The Disciplinary Committee in its report held S. Jagir Singh Lalia, Ex-President and S. Rajpal Singh, Convenor Purchase, Committee as responsible for all the loss and exonerated the then General Secretary Sub. Maj. Amarjeet Singh and S. Hardyal Singh Ghotra, the then Finance Secretary, in view of material evidence on record and statements of other Office Bearers, members Purchase Committee. Details given separately by the three past Presidents in this issue of Lobana Sewak Magazine. The three-member Disciplinary Committee recommended suspension from membership for S. Jagir Singh Lalia. The whole report was read out and discussed in the Adhoc Committee meeting held on 27-02-2021. ***So, as per the recommendation of three-members Disciplinary Committee and the unanimous decision taken in the Adhoc***

***Committee Meeting mentioned above, S. Jagir Singh Lalia, Ex-President and S. Rajpal Singh, Ex-Convenor Purchase Committee were suspended from the membership of BMSL Foundation, under Article 15 of the Constitution of the Foundation vide this Office Order No. 7186 Dated 27-02-2021 and Office Order No. 7189 Dated 27-02-2021 respectively for the time being and the final decision regarding their Permanent Removal from the Membership of this Foundation was left to the New Management that will take over after the Election on 18-04-2021, by holding a detailed Inquiry into the quantum of loss.***

**8) Financial status of Baba Makhan Shah Lobana Foundation as on 28-02-2021 i.e., 8months:**

**a)**

**Expenditure Statement From 01-07-2020 to 28-02-2021**

| S. No | Expenditure | Amount (Rs.) | | Expenditure | Amount (Rs.) |
|---|---|---|---|---|---|
| 1. | GST | 69,380.00 | | **CF** | **15,81,895.91** |
| 2. | Maintenance & Repair | 2,36,733.00 | 16 | Cable Expenses | 14,085.00 |
| 3. | Hospitality & Refreshment | 54,418.00 | 17 | Diwali Festival Gift | 1,000.00 |
| 4. | Honorarium to General Staff | 6,58,790.00 | 18 | Diwali Festival Gift to staff | 9,000.00 |
| 5. | Religious Function (San grad) Exp. | 11,135.00 | 19 | Misc. Expenses Mobile Van | 750.00 |
| 6. | Religious Function (Guru Ladho re) | 6,165.00 | 20 | New Computer Exp. | 47,700.00 |
| 7. | Printing & Stationary | 75,528.00 | 21 | Furniture n Fixture | 63,053.00 |
| 8. | Medical Bio Waste | 1,600.00 | 22 | Postage Expenses | 1,084.00 |
| 9. | Bank Charges | 567.11 | 23 | Conveyance exp. | 260.00 |
| 10. | Telephone Charges | 12,912.00 | 24 | Legal fees(CA expenses) | 50,000.00 |
| 11. | Foreign Exchange | 1,02,606.80 | 25 | Booking Refundable | 65,797.00 |
| 12. | Insurance Charges | 55,942.00 | 26 | Carriage & Cartage A/c | 900.00 |
| 13. | Property Tax | 1,25,778.00 | 27 | Website/Exp | 3,750.00 |
| 14. | Electricity Charges | 18,765.00 | 28 | Misc Expenditure | 1,200.00 |
| 15. | Water bill Expenses | 1,51,576.00 | 29 | Sanitary A/c | 8,595.00 |
| | **Total** | **15,81,895.91** | | **Grand Total** | **18,49,069.91** |

| Income Statement From 01-07-2020 to 28-02-2021 | | | | | |
|---|---|---|---|---|---|
| **S. No** | **Income** | **(Rs.)** | **S.No** | **Amount** | **(Rs.)** |
| 1. | Donation | 164835 | | **CF** | **1558874** |
| 2. | Corpus Fund | 553112 | 6 | GST Collected | 146196 |
| 3. | Misc. income | 29130 | 7 | booking | 811333 |
| 4. | Life Memership Fees | 810000 | 8 | Lobana Sewak | 1100 |
| 5. | Income form Refund of I .T 2018-19 | 1797 | 9 | Interest on SBI saving acc | 1210 |
| | **Total** | **15,58,874.00** | | **Grand Total** | **25,18,713.00** |

**Thus, Saving =Rs. 6.69 Lakhs**

**Extra New FDR made = Rs. 6.00 Lakhs**

**However, Balance amount as on 18/03/2021in SBI Saving/Current A/C is Rs.1,22,431/=**

**b) Liabilities of the Previous Management cleared by the Adhoc Committee and the remaining liabilities:**

**BABA MAKHAN SHAH LOBANA FOUNDATION,(REGD.)**
**SEC-30A,CHANDIGARH**

**liabilities left by the Previous Management as on 30.06.2020**

**A — Liabilities Cleared from 01.07.2020 to 15.03.2021**

| S. No | Particulars | Amount(Approx.) | S.No | Particulars | Amount(Approx.) |
|---|---|---|---|---|---|
| 1 | Maintenance & Repair Acc.(Mali) | ₹ 36,980 | | CF | ₹ **2,97,116** |
| 2 | Medical Bio Waste Disposal | ₹ 3,200 | 7 | Penalty Payment of Foreign Exchange | ₹ 97,600 |
| 3 | Electricity Bill Charges | ₹ 18,765 | 8 | Re-Registration for FCRA Certificate | ₹ 5,005.0 |
| 4 | Water & Sewarage bill from January to June,2020 Charges | ₹ 67,731 | 9 | Lobana Sewak bill cleared of January, February and and March 2020 | ₹ 87,304 |
| 5 | Property Tax | ₹ 1,25,778 | 10 | Booking refunds of cancelled booking of March, april 2020 Period | ₹ 65,797.00 |
| 6 | Insurance of Building Charges | ₹ 44,662 | 11 | CA Audit Charges for F.Y 2019-2020 | ₹ 50,000.00 |
| | Total | ₹ **2,97,116** | 12 | Lift Repair & AMC(50%) | ₹ 28,320.00 |
| | | | | **Grand Total** | ₹ **6,31,142** |

**B — Liabilities pending to be Cleared as on 15.03.2021**

| S. No | Particulars | Amount(Approx.) |
|---|---|---|
| 1 | Envelope printing charges pending | ₹ 8,260.00 |
| 2 | Booking refunds of cancelled booking | ₹ 44,575.00 |
| 3 | Lobana sewak Magazine pending | ₹ 32,088.00 |
| 4 | Misc. bills ,Laboratory Bills etc. | ₹ 22,000.00 |
| 5 | Cable Tv Expenses from Dec-2019 to | ₹ 12,000.00 |
| | **Grand Total** | ₹ **1,18,923.00** |

**Regards,**

***(i) Maintain Social Distance (ii) Use Mask (iii) Wash hands with Soap frequently***
***Stay Safe Stay Healthy***

# ਜਨਮ ਤੇ ਬਾਲ ਲੀਲ੍ਹਾ

ਪ੍ਰੋ. ਕਰਤਾਰ ਸਿੰਘ

ਪੰਥ ਦੇ ਵਾਲੀ, ਸ੍ਰੀ ਕਲਗੀਧਰ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸ੍ਰੀ ਹਰਿਮੰਦਰ ਸਾਹਿਬ, ਪਟਨਾ, ਬਿਹਾਰ-ਵਿੱਚ ਪੋਹ ਸੁਦੀ ੭ (੨੩ ਪੋਹ) ਸੰਮਤ ੧੭੨੩, ਮੁਤਾਬਕ ੨੨ ਦਸੰਬਰ ਸੰਨ ੧੬੬੬ ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਦੇ ਪਿਤਾ ਗੁਰਦੇਵ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਢਾਕਾ (ਪੂਰਬੀ ਬੰਗਾਲ, ਬੰਗਲਾ ਦੇਸ਼) ਵਿੱਚ ਸਨ। ਗੁਰੂ ਜੀ ਨੇ ਉਥੋਂ ਪਤਨਾ ਸਾਹਿਬ ਦੀ ਸੰਗਤ ਦੇ ਨਾਂ ਹੁਕਮਨਾਮਾ (ਪੱਤਰ) ਭੇਜਿਆ, ਜਿਸ ਵਿੱਚ ਪਰਿਵਾਰ ਦੀ ਸੇਵਾ ਸੰਭਾਲ ਬਾਰੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤੀ ਅਤੇ ਆਗਿਆ ਕੀਤੀ ਕਿ ਸਾਹਿਬਜ਼ਾਦੇ ਦਾ ਨਾਂ ਸ੍ਰੀ ਗੋਬਿੰਦ ਰਾਏ ਜੀ ਰੱਖਿਆ ਜਾਵੇ। ਮਗਰੋਂ ਸੰਮਤ ੧੭੫੬ ਵੈਸਾਖੀ ਵਾਲੇ ਦਿਨ, ਜਦ ਆਪ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਦਾ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋ ਗਿਆ। ਇਸ ਕਰਕੇ ਇਸ ਪੋਥੀ ਵਿੱਚ ਜਿਥੇ ਵੀ ਆਪ ਜੀ ਦਾ ਨਾਂ ਲੈਣ ਦੀ ਲੋੜ ਹੋਵੇਗੀ, 'ਸ੍ਰੀ ਗੁਰੂ ਗੋਬਿੰਦ ਸਿੰਘ ਹੀ ਲਿਖਿਆ ਜਾਵੇਗਾ।' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਅਸਾਮੋਂ ਪੰਜਾਬ ਵਿਚ ਵਾਪਸ ਆ ਜਾਣ ਮਗਰੋਂ ਵੀ ਆਪ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਸ੍ਰੀ ਦਸਮੇਸ਼ ਜੀ ਦੇ ਬਾਲਪਨ ਦੇ ਪਹਿਲੇ ਪੰਜ ਕੁ ਸਾਲ ਪਟਨੇ ਸਾਹਿਬ ਵਿਚ ਹੀ ਗੁਜਰੇ। ਸੰਸਕਾਰ ਬਿਧੀ ਅਨੁਸਾਰ ਆਪ ਦੀ ਸਿਖਲਾਈ ਪੜ੍ਹਾਈ ਦਾ ਕੰਮ ਉਥੇ ਹੀ ਸ਼ੁਰੂ ਕੀਤਾ ਗਿਆ। ਗੁਰਮੁਖੀ ਤੇ ਗੁਰਬਾਣੀ ਦੀ ਪੜ੍ਹਾਈ ਦੇ ਨਾਲ-ਨਾਲ ਆਪ ਨੂੰ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ, ਤਾਰੀ ਆਦਿ ਦੀ ਸਿਖਲਾਈ ਵੀ ਕਰਾਈ ਗਈ। ਛੋਟੀ ਉਮਰ ਤੋਂ ਹੀ ਆਪ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਪ੍ਰਗਟ ਕਰਨ ਲੱਗ ਪਏ। ਆਪਣੇ ਹਾਣੀਆਂ ਨੂੰ ਉਹ ਫੌਜੀ ਚਾਲਾਂ ਤੇ ਢੰਗਾਂ ਦੀ ਜਾਚ ਦੱਸਦੇ, ਉਨ੍ਹਾਂ ਨੂੰ ਦੋ ਟੋਲੀਆਂ ਵਿਚ ਵੰਡ ਕੇ ਆਪੋ ਵਿਚ ਉਨ੍ਹਾਂ ਦਾ ਯੁੱਧ ਕਰਾਉਂਦੇ, ਅਜਿਹੇ ਟਾਕਰੇ ਦੇ ਦਾਵਾਂ ਦਾ ਅਭਿਆਸ ਕਰਾਉਂਦੇ ਅਤੇ ਸਭ ਨੂੰ ਹੁਕਮ ਹੇਠ ਰੱਖ ਕੇ ਆਪਣੀ ਜਰਨੈਲੀ ਯੋਗਤਾ ਦੀ ਨਿਸ਼ਾਨੀ ਪ੍ਰਗਟ ਕਰਦੇ। ਤੀਰ-ਕਮਾਨ ਅਤੇ ਗੁਲੇਲ ਨਾ ਨਿਸ਼ਾਨੇ ਚੰਗੇ ਫੁੰਡਦੇ ਸਨ। ਇਕ ਵਪਾਰੀ ਸ਼ਰਧਾਲੂ ਨੇ ਆਪ ਨੂੰ ਇਕ ਛੋਟੀ ਜਿਹੀ ਬੇੜੀ ਦਿੱਤੀ। ਉਹ ਇਸ ਨੂੰ ਗੰਗਾ ਵਿਚ ਠੇਲ੍ਹ ਕੇ ਚੱਪੂਆਂ ਨਾਲ ਬੜੀ ਹੁਸ਼ਿਆਰੀ ਨਾਲ ਚਲਾਉਂਦੇ ਅਤੇ ਬੜੇ ਖੁਸ਼ ਹੁੰਦੇ।

ਪਟਨੇ ਵਿਚ ਸਿੱਖਾਂ ਤੋਂ ਛੁੱਟ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਰਧਾਲੂ ਸਨ। ਇਸ ਕਰਕੇ ਉਹ ਸਭੇ ਸ੍ਰੀ ਦਸਮੇਸ਼ ਜੀ ਦਾ ਬੜਾ ਹੀ ਆਦਰ ਸਤਿਕਾਰ ਕਰਦੇ ਸਨ ਪਰ ਆਪ ਦੇ ਨਿੱਜੀ ਗੁਣ ਵੀ ਹਰੇਕ ਨੂੰ ਮੋਹਿਤ ਕਰ ਲੈਂਦੇ ਸਨ। ਸੂਝਵਾਨ ਅਤੇ ਧਰਮੀਂ ਬੰਦਿਆਂ ਨੂੰ ਤਾਂ ਬਾਲ ਗੋਬਿੰਦ ਸਿੰਘ ਇਸ ਛੋਟੀ ਉਮਰ ਵਿਚ ਹੀ ਰੱਬ ਦਾ ਰੂਪ ਅਤੇ ਰੱਬੀ-ਨੂਰ ਨਾਲ ਭਰਪੂਰ ਦਿੱਸਦੇ ਸਨ। ਪਟਨੇ ਦਾ ਸ਼ਿਵਦੱਤ ਪੰਡਤ ਆਪ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਰੂਪ ਜਾਣ ਕੇ ਸਤਿਕਾਰਦਾ ਤੇ ਪਿਆਰਦਾ ਸੀ। ਜਦ ਉਹ ਗੰਗਾ ਵਿੱਚੋਂ ਇਸ਼ਨਾਨ ਕਰ ਕੇ ਕੰਢੇ ਪਾਸ ਸਮਾਧੀ ਲਾ ਕੇ ਬੈਠਦਾ ਸੀ, ਤਾਂ ਦਸਮੇਸ਼ ਜੀ ਕਈ ਵੇਰ ਮਲਕੜੇ ਜਿਹੇ ਜਾ ਕੇ ਉਸ ਦੇ ਕੰਨਾਂ ਵਿੱਚ 'ਪੰਡਤ ਜੀ ਝਾਤ!' ਕਹਿ ਕੇ ਉਸ ਦੀ ਸਮਾਧੀ ਖੋਲ੍ਹ ਦੇਂਦੇ। ਉਹ ਗੁੱਸੇ ਹੋਣ ਦੀ ਥਾਂ ਪ੍ਰਸੰਨ ਹੁੰਦਾ ਅਤੇ ਆਪ ਨੂੰ ਨਮਸਕਾਰ ਕਰਕੇ ਨਿਹਾਲ ਹੁੰਦਾ। ਆਸ ਪਾਸ ਦੇ ਕਈ ਮੁਸਲਮਾਨ ਵੀ ਆਪ ਦੇ ਸ਼ਰਧਾਲੂ ਬਣ ਗਏ ਸਨ। ਨਵਾਬ ਰਹੀਮ ਬਖ਼ਸ਼ ਅਤੇ ਨਵਾਬ ਕਰੀਮ ਬਖ਼ਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰੇਮੀ ਸ਼ਰਧਾਵਾਨ ਸਨ। ਉਹ ਦੋਵੇਂ ਹੀ ਦਸਮੇਸ਼ ਜੀ ਦੇ ਦਰਸ਼ਨਾਂ 'ਤੇ ਮੋਹਿਤ ਹੋ ਗਏ। ਉਨ੍ਹਾਂ ਨੇ ਇਕ ਪਿੰਡ ਅਤੇ ਦੋ ਬਾਗ ਗੁਰੂ ਜੀ ਦੀ ਭੇਟਾ ਕੀਤੇ। ਉਹ ਹੁਣ ਤੀਕ ਤਖ਼ਤ ਪਟਨਾ ਸਾਹਿਬ ਦੇ ਨਾਂ ਜਗੀਰੀ ਹਨ।

ਆਪ ਦੇ ਉਨ੍ਹਾਂ ਦੋ ਮੁਸਲਮਾਨ ਸ਼ਰਧਾਲੂਆਂ ਵਿੱਚੋਂ ਇਕ ਪੀਰ ਭੀਖ ਸ਼ਾਹ ਜੀ ਸੱਯਦ ਸਨ। ਇਹ ਠਸਕਾ ਜ਼ਿਲ੍ਹਾ ਕਰਨਾਲ ਦੇ ਰਹਿਣ ਵਾਲੇ ਸਨ। ਸ੍ਰੀ ਦਸਮੇਸ਼ ਜੀ ਦਾ ਜਨਮ ਅਤੇ ਜਨਮ ਅਸਥਾਨ ਆਪਣੀ ਆਤਮਿਕ ਸ਼ਕਤੀ ਨਾਲ ਮਾਲੂਮ ਕਰ ਕੇ ਅਤੇ ਪੈਂਦੀ ਸੱਟੇ ਹੀ ਆਪ ਦੇ ਪ੍ਰੇਮੀ ਸ਼ਰਧਾਲੂ ਬਣ ਕੇ ਇਹ ਪੰਜਾਬੋਂ ਪਟਨੇ ਸਾਹਿਬ ਪਹੁੰਚੇ। ਉਥੇ ਜਾ ਕੇ ਉਨ੍ਹਾਂ ਨੇ ਰੱਬੀ-ਨੂਰ ਨਾਲ ਭਰਪੂਰ ਬਾਲਕ ਦੇ ਦਰਸ਼ਨਾਂ ਲਈ ਬੇਨਤੀ ਕੀਤੀ। ਉਨ੍ਹਾਂ ਨੂੰ ਮੁਸਲਮਾਨ ਜਾਣ ਕੇ ਮਾਤਾ ਜੀ ਝੱਕ ਗਏ, ਪਰ ਉਹ ਹਠ ਕਰ ਕੇ ਬਹਿ ਗਏ ਕਿ ਏਡੀ ਦੂਰੋਂ ਦਰਸ਼ਨਾਂ ਲਈ ਆਏ ਹਾਂ, ਦਰਸ਼ਨ ਕਰ ਕੇ ਹੀ ਜਾਣਾ ਹੈ। ਉਨ੍ਹਾਂ ਦੀ ਸ਼ਰਧਾ ਵੇਖ ਕੇ, ਸ੍ਰੀ ਦਸਮੇਸ਼ ਜੀ ਨੂੰ ਬਾਹਰ ਲਿਆਂਦਾ ਗਿਆ। ਪੀਰ ਜੀ ਦਰਸ਼ਨ ਕਰ ਕੇ ਨਿਹਾਲ ਹੋਏ। ਉਨ੍ਹਾਂ ਨੇ ਨਿਮਰਤਾ ਨਾਲ ਸਿਜਦਾ ਕੀਤਾ ਅਤੇ ਚਰਨੀਂ ਹੱਥ ਲਾਏ। ਫੇਰ ਉਨ੍ਹਾਂ ਨੇ ਬਾਲ ਗੁਰੂ ਜੀ ਅੱਗੇ ਮਿਠਾਈ ਦੀਆਂ ਦੋ ਕੁੱਜੀਆਂ ਲਿਆ ਧਰੀਆਂ, ਇਕ ਹਿੰਦੂ ਹਲਵਾਈ ਦੀ ਹੱਟੀ ਤੋਂ ਅਤੇ ਦੂਜੀ ਮੁਸਲਮਾਨ ਹਲਵਾਈ ਦੀ ਹੱਟੀ ਤੋਂ ਮੰਗਵਾ ਕੇ। ਦਸਮੇਸ਼ ਜੀ ਨੇ ਇਕ-ਇਕ ਹੱਥ ਦੋਹਾਂ ਕੁੱਜੀਆਂ ਉੱਪਰ ਰੱਖ ਦਿੱਤਾ। ਪੀਰ ਜੀ ਨੇ ਫੇਰ ਸੀਸ ਨਿਵਾਇਆ। ਮੁਰੀਦਾਂ ਦੇ ਪੁੱਛਣ 'ਤੇ ਪੀਰ ਜੀ ਨੇ ਦੱਸਿਆ ਕਿ ਮੈਂ ਇਹ ਮਾਲੂਮ ਕਰਨਾ ਚਾਹੁੰਦੇ ਸਾਂ ਕਿ ਇਹ ਵਲੀ ਪੁਰਖ ਹਿੰਦੂਆਂ ਦਾ ਪੱਖ ਕਰੇਗਾ ਕਿ ਮੁਸਲਮਾਨਾਂ ਦਾ। ਇਨ੍ਹਾਂ ਮੇਰੇ ਦਿਲ ਦੀ ਜਾਣ ਕੇ ਦੋਹਾਂ ਕੁੱਜੀਆਂ ਉੱਪਰ ਹੱਥ ਰੱਖੇ ਹਨ ਅਤੇ ਮੈਨੂੰ ਨਿਸ਼ਚਾ ਦਿਵਾਇਆ ਹੈ ਕਿ ਆਪ ਦੋਹਾਂ ਦੀ ਹੀ ਰੱਖਿਆ ਸੰਭਾਲ ਕਰਨਗੇ ਅਤੇ ਦੋਵੇਂ ਹੀ ਆਪ ਨੂੰ ਇਕ ਜੈਸੇ ਪਿਆਰੇ ਹੋਣਗੇ। ਜਦ ਪੰਜਾਬ ਨੂੰ ਜਾਂਦੇ ਹੋਏ ਸ੍ਰੀ ਦਸਮੇਸ਼ ਜੀ ਅੰਬਾਲੇ ਪਾਸ ਲਖਨੌਰ ਨਗਰ ਠਹਿਰੇ ਹੋਏ ਸਨ ਤਾਂ ਪੀਰ ਭੀਖ ਸ਼ਾਹ ਨੇ ਠਸਕੇ ਤੋਂ ਆ ਕੇ ਫੇਰ ਆਪ ਦੇ ਦਰਸ਼ਨ ਕੀਤੇ। ਪਟਨਾ ਸਾਹਿਬ ਨਿਵਾਸ ਸਮੇਂ ਰਾਜਾ ਫਤਿਹਚੰਦ ਮੈਣੀ ਅਤੇ ਉਸ ਦੀ ਰਾਣੀ ਵੀ ਬਾਲ-ਗੁਰੂ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਦੇ ਘਰ ਕੋਈ ਪੁੱਤ ਨਹੀਂ ਸੀ, ਜਿਸ ਕਰਕੇ ਉਨ੍ਹਾਂ ਨੂੰ ਚਿੰਤਾ ਲੱਗੀ ਰਹਿੰਦੀ ਸੀ। ਉਹ ਦੋਵੇਂ ਜੀਅ ਪੰਡਤ ਸ਼ਿਵ ਦੱਤ ਦੇ ਪ੍ਰੇਮੀ ਸਨ। ਇਕ ਦਿਨ ਉਨ੍ਹਾਂ ਨੇ ਆਪਣੀ ਇਹ ਚਿੰਤਾ ਪੰਡਤ ਜੀ ਨੂੰ ਦੱਸੀ ਅਤੇ ਕਿਹਾ ਕਿ ਸਾਡੇ ਲਈ ਪ੍ਰਾਰਥਨਾ ਉਪਾਅ ਕਰੋ ਕਿ ਅਸੀਂ ਔਂਤਰੇ ਨਾ ਰਹੀਏ। ਪੰਡਤ ਜੀ ਨੇ ਕਿਹਾ : 'ਮਨ ਦੀਆਂ ਮੁਰਾਦਾਂ ਦੇਣ ਵਾਲਾ ਇਸ ਵੇਲੇ ਮਨੁੱਖੀ ਜਾਮਾ ਪਹਿਨ ਕੇ ਇਸ ਸ਼ਹਿਰ ਵਿਚ ਆਇਆ ਹੋਇਆ ਹੈ। ਤੁਸੀਂ ਘਰ ਜਾ ਕੇ, ਇਸ਼ਨਾਨ ਪਾਣੀ ਕਰ ਕੇ, ਇਕ ਮਨ, ਇਕ ਚਿਤ ਹੋ ਕੇ, ਸ੍ਰੀ ਗੋਬਿੰਦ ਰਾਏ ਨੂੰ ਚੇਤੇ ਕਰੋ ਅਤੇ ਦਰਸ਼ਨਾਂ ਲਈ ਅਰਦਾਸ ਕਰੋ, ਉਹ ਤੁਹਾਡੀ ਮੁਰਾਦ ਪੂਰੀ ਕਰਨਗੇ। ਉਹ ਸਭ ਸ਼ਕਤੀਆਂ ਦੇ ਮਾਲਕ ਹਨ। ਉਹ ਭਗਵਾਨ ਜੀ ਆਪ ਹਨ। ਰਾਜੇ ਤੇ ਰਾਣੀ ਨੇ ਇਸੇ ਤਰ੍ਹਾਂ ਕੀਤਾ। ਉਹ ਰੋਜ਼ ਦਸਮੇਸ਼ ਜੀ ਦਾ ਧਿਆਨ ਮਨ ਵਿਚ ਧਾਰ ਕੇ ਉਡੀਕ ਵਿਚ ਬੈਠੇ ਰਿਹਾ

ਕਰਨ। ਇਕ ਦਿਨ ਉਹ ਚੌਂਕੜੀ ਮਾਰੀ, ਅੱਖੀਂ ਮੀਟੀ, ਧਿਆਨ ਧਰੀ, ਬਾਲ-ਗੁਰੂ ਦੀ ਉਡੀਕ ਕਰ ਰਹੇ ਸਨ। ਝਟ-ਪਟ ਨਿੱਕੀਆਂ-ਨਿੱਕੀਆਂ ਕੋਮਲ ਬਾਹਵਾਂ ਰਾਣੀ ਦੇ ਗਲ ਦੁਆਲੇ ਪੈ ਗਈਆਂ। ਘੁੱਟ ਕੇ ਗਲਵੱਕੜੀ ਪੈ ਗਈ। ਗੋਦ ਵਿਚ ਇਕ ਸੁੰਦਰ ਤੇ ਰੱਬੀ-ਨੂਰ ਭਰੇ ਚਿਹਰੇ ਵਾਲਾ ਸੁਡੌਲ ਬਾਲਕ ਆ ਬੈਠਾ ਅਤੇ ਗੁਲਾਬ ਦੇ ਫੁੱਲਾਂ ਜਿਹੇ ਮੁਖੜੇ ਵਿੱਚੋਂ ਮਿੱਠੀ ਸੁਰੀਲੀ ਆਵਾਜ਼ ਨਿਕਲੀ 'ਮਾਂ ਜੀ! ਮੈਂ ਆ ਗਿਆ।' ਰਾਜਾ ਤੇ ਰਾਣੀ ਖੁਸ਼ ਹੋਏ ਕਿ ਰੱਬ-ਰੂਪ ਬਾਲਕ ਨੇ ਆਪ ਆ ਕੇ ਸਾਨੂੰ ਨਿਵਾਜਿਆ ਹੈ, ਸਾਡੀ ਪੁੱਤ ਵਾਲੀ ਭਾਵਨਾ ਪੂਰੀ ਕੀਤੀ ਹੈ ਅਤੇ ਪੁੱਤ ਬਣ ਕੇ ਦੋਹਾਂ ਜਹਾਨਾਂ ਵਿਚ ਸਹਾਈ ਹੋਣ ਦਾ ਭਰੋਸਾ ਦਿਵਾਇਆ ਹੈ। ਰਾਣੀ ਨੇ 'ਪੁੱਤਰ' ਨੂੰ ਮਠਿਆਈ ਛਕਣ ਲਈ ਦਿੱਤੀ। ਅੱਗੋਂ ਸ੍ਰੀ ਦਸਮੇਸ਼ ਜੀ ਬੋਲੇ : ਮਠਿਆਈ ਨਹੀਂ ਖਾਣੀ ਮਾਂ ਜੀ! ਉਹ ਤਲੇ ਹੋਏ ਛੋਲੇ ਅਤੇ ਦੁੱਧ ਦੀ ਪੂਰੀ ਦਿਓ ਜੋ ਅੰਦਰ ਚੌਂਕੀ ਵਿਚ ਰੱਖੀ ਹੋਈ ਜੇ।' ਇਸ ਤੋਂ ਮਗਰੋਂ ਆਪ ਰੋਜ਼ ਹੀ ਖੇਡਦੇ-ਖੇਡਦੇ ਸਾਥੀਆਂ ਸਮੇਤ ਮਹਿਲਾਂ ਵਿਚ ਆ ਜਾਇਆ ਕਰਨ ਅਤੇ ਸਾਰੇ ਜਣੇ ਮਾਂ ਜੀ ਪਾਸੋਂ ਤਲੇ ਹੋਏ ਛੋਲੇ ਅਤੇ ਦੁੱਧ ਦੀਆਂ ਪੂਰੀਆਂ ਛਕ ਜਾਇਆ ਕਰਨ, ਆਪ ਜੀ ਨਾਲ ਰਾਜੇ ਅਤੇ ਰਾਣੀ ਦੇ ਪ੍ਰੇਮ ਕਾਰਨ ਉਨ੍ਹਾਂ ਦਾ ਘਰ ਗੁਰਦੁਆਰਾ ਬਣ ਗਿਆ, ਉਹ ਹੁਣ ਪਟਨੇ ਸਾਹਿਬ ਵਿਚ 'ਮੈਨੀ ਸੰਗਤ' ਦੇ ਨਾਂ ਤੋਂ ਪ੍ਰਸਿੱਧ ਹੈ। ਉਥੇ ਛੋਲੇ ਪੂਰੀਆਂ ਦਾ ਪ੍ਰਸ਼ਾਦ ਮਿਲਦਾ ਹੈ।

ਇਕ ਵੇਰ ਦੀ ਗੱਲ ਹੈ ਕਿਸੇ ਪ੍ਰੇਮੀ ਸਿੱਖ ਨੇ ਸ੍ਰੀ ਦਸਮੇਸ਼ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ। ਉਹ ਆਪ ਦੇ ਹੱਥੀਂ ਪਾਏ ਗਏ। ਸ਼ਾਮ ਦੇ ਵੇਲੇ ਆਪ ਗੰਗਾ ਦੇ ਕੰਢੇ ਖੇਡ ਰਹੇ ਸਨ। ਆਪ ਨੇ ਇਕ ਕੜਾ ਲਾਹ ਕੇ ਗੰਗਾ ਵਿਚ ਸੁੱਟ ਦਿੱਤਾ। ਮਗਰੋਂ ਮਾਮਾ ਕਿਰਪਾਲ ਜੀ ਨੇ ਪੁੱਛਿਆ ਕਿ ਕੜਾ ਕਿਥੇ ਸੁੱਟਿਆ ਜੇ? ਆਪ ਮਾਮਾ ਜੀ ਨੂੰ ਗੰਗਾ ਦੇ ਕੰਢੇ ਉਸ ਥਾਂ 'ਤੇ ਲੈ ਗਏ, ਜਿਥੇ ਖੜੋ ਕੇ ਕੜਾ ਆਪ ਨੇ ਦਰਿਆ ਵਿਚ ਸੁੱਟਿਆ ਸੀ। ਉਥੇ ਖੜੋ ਕੇ ਭੋਲੀ ਜਿਹੀ ਸ਼ਕਲ ਬਣਾ ਕੇ ਪੋਲੇ ਜਿਹੇ ਮੂੰਹ ਨਾਲ ਕਿਹੋ ਨੇ : 'ਦੱਸਾਂ, ਮਾਮਾ ਜੀ?' ਇਹ ਕਹਿ ਕੇ ਆਪ ਨੇ ਦੂਜਾ ਕੜਾ ਦਰਿਆ ਵਿਚ ਵਗਾਹ ਮਾਰਿਆ ਅਤੇ ਨਾਲ ਹੀ ਕਿਹਾ : 'ਔਥੇ ਸੁੱਟਿਆ ਸੀ।' ਉਸ ਥਾਂ ਹੁਣ ਗੁਰਦੁਆਰਾ ਗੋਬਿੰਦ-ਘਾਟ ਹੈ।

ਇਕ ਦਿਨ ਦਸਮੇਸ਼ ਜੀ ਹਾਣੀਆਂ ਨਾਲ ਖੇਡ ਰਹੇ ਸਨ ਕਿ ਪਟਨੇ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ : 'ਬੱਚਿਓ, ਚੁੱਪ ਕਰ ਕੇ ਖੜ੍ਹੇ ਹੋ ਜਾਓ, ਨਵਾਬ ਸਾਹਿਬ ਨੂੰ ਸਲਾਮ ਕਰੋ ਅਤੇ ਉਨ੍ਹਾਂ ਅੱਗੇ ਸਿਰ ਝੁਕਾਓ।' ਬਾਲਾਂ ਦੇ ਕਪਤਾਨ, ਸ੍ਰੀ ਦਸਮੇਸ਼ ਜੀ ਨੇ ਕਿਹਾ : 'ਵਾਹ ਜੀ, ਭਈ ਮਿੱਤਰੋ! ਸੜੀ ਸਲਾਮ ਕੋਈ ਨਹੀਂ ਜੇ ਕਰਨੀ, ਸਿਰ ਨਹੀਂ ਜੇ ਝੁਕਾਉਣਾ, ਸਗੋਂ ਮੂੰਹ ਖੁਰਾਉਣਾ ਜੇ।' ਜਦ ਨਵਾਬ ਕੋਲ ਆਇਆ ਤਾਂ ਬਾਲਕਾਂ ਦੀ ਫੌਜ ਨੇ ਨਵਾਬ ਦਾ ਮੂੰਹ ਖਰਾਇਆ ਅਤੇ 'ਊਈ ਊਈ' ਕਰਦੇ ਨੱਸ ਗਏ। ਇਸ ਨਿੱਕੇ ਜਿਹੇ ਵਾਕਿਆ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਮੁੱਢ ਤੋਂ ਹੀ ਕਿੰਨੇ ਦਲੇਰ ਤੇ ਨਿਰਭੈ ਸਨ ਅਤੇ ਆਪ ਜੀ ਵਿੱਚ ਹੋਰਨਾਂ ਨੂੰ ਆਪਣੇ ਮਗਰ ਲਾਉਣ, ਆਪਣੀ ਗੱਲ ਮਨੌਣ ਅਤੇ ਆਗੂ ਬਣਨ ਦੀ ਕਿੰਨੀ ਯੋਗਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਸਾਮ ਤੋਂ ਵਾਪਸ ਆਉਂਦਿਆਂ ਪਰਿਵਾਰ ਨੂੰ ਪੰਜਾਬੇ ਸੱਦ ਭੇਜਿਆ। ਆਪ ਦਾ ਹੁਕਮਨਾਮਾ ਪੁੱਜਣ 'ਤੇ ਮਾਤਾ ਗੁਜਰੀ ਜੀ ਨੇ ਪਰਿਵਾਰ ਸਮੇਤ ਪਟਨੇ ਸਾਹਿਬੋਂ ਤੁਰਨ ਦੀ ਤਿਆਰੀ ਕੀਤੀ ਜਦ ਪਟਨੇ ਦੀ ਸੰਗਤ ਨੂੰ ਪਤਾ ਲੱਗਾ ਕਿ ਦਸਮੇਸ਼ ਜੀ ਅਤੇ ਹੋਰ ਪਰਿਵਾਰ ਪੰਜਾਬ ਨੂੰ ਜਾ ਰਹੇ ਹਨ ਤਾਂ ਸਭ ਸ਼ਰਧਾਲੂ ਦਰਸ਼ਨਾਂ ਲਈ ਆਏ ਅਤੇ ਯਥਾ-ਸ਼ਕਤ ਭੇਟਾ ਲਿਆਏ। ਉਨ੍ਹਾਂ ਵਿਚ ਆਪ ਦਾ ਸ਼ਰਧਾਲੂ ਜਗਤ-ਸੇਠ ਸੀ। ਉਸ ਨੇ ਬੇਨਤੀ ਕੀਤੀ ਕਿ ਜਿਨ੍ਹਾਂ ਸ਼ਹਿਰਾਂ ਵਿਚ ਦੀ ਆਪ ਜੀ ਨੇ ਜਾਣਾ ਹੈ, ਉਨ੍ਹਾਂ ਵਿਚ ਮੇਰੇ ਮਕਾਨ ਤੇ ਕਰਿੰਦੇ ਹਨ, ਆਪ ਨੇ ਉਥੇ ਨਿਵਾਸ ਕਰਨਾ ਅਤੇ ਮੇਰੇ ਬੰਦਿਆਂ ਨੂੰ ਸੇਵਾ ਕਰਨ ਦਾ ਅਵਸਰ ਬਖ਼ਸ਼ਣਾ। ਉਸ ਦੀ ਅਰਪੀ ਸੇਵਾ ਖੁਸ਼ੀ-ਸਹਿਤ ਪ੍ਰਵਾਨ ਕੀਤੀ ਗਈ। ਵਿਦਾਇਗੀ ਤੋਂ ਪਹਿਲਾਂ ਪਟਨੇ ਦੀ ਸੰਗਤ ਨੇ ਰਲ ਕ ੇਬੇਨਤੀ ਕੀਤੀ ਕਿ ਬਾਲ-ਗੁਰੂ ਜੀ ਦਾ ਪੰਘੂੜਾ ਪਵਿੱਤਰ ਯਾਦਗਾਰ ਵਜੋਂ ਏਥੇ ਰਹਿਣ ਦਿੱਤਾ ਜਾਵੇ। ਇਹ ਬੇਨਤੀ ਮੰਨੀ ਗਈ। ਮਿਥੇ ਹੋਏ ਦਿਨ ਸਭ ਸੰਗਤਾਂ ਨੇ ਬੜੇ ਪ੍ਰੇਮ ਅਤੇ ਸਤਿਕਾਰ ਨਾਲ ਸਭ ਪਰਿਵਾਰ ਨੂੰ ਵਿਦਾ ਕੀਤਾ। ਫੱਗਣ ਸੰਮਤ ੧੭੨੮ ਨੂੰ ਸਾਰਾ ਸੰਗ ਏਧਰ ਪੰਜਾਬ ਵੱਲ ਨੂੰ ਤੁਰ ਪਿਆ। ਰਾਹ ਵਿਚ ਹਿੰਦੂਆਂ ਦੇ ਜਿੰਨੇ ਤੀਰਥ ਆਏ, ਉਨ੍ਹਾਂ ਸਭ ਥਾਈਂ ਕੁਝ-ਕੁਝ ਦਿਨ ਟਿਕਾਣਾ ਕੀਤਾ ਗਿਆ। ਉਨ੍ਹਾਂ ਸਭਨਾਂ ਬਾਰੇ ਮਾਮਾ ਕਿਰਪਾਲ ਜੀ ਨੇ ਦਸ਼ਮੇਸ਼ ਜੀ ਨੂੰ ਵਾਕਫ਼ੀ ਕਰਾਈ। ਕਈ ਥਾਈਂ ਪੰਡਤਾਂ ਨਾਲ ਧਾਰਮਿਕ ਮਾਮਲਿਆਂ ਬਾਰੇ ਚਰਚਾ ਵੀ ਕੀਤੀ ਅਤੇ ਉਨ੍ਹਾਂ ਨੂੰ ਸਿੱਖ ਧਰਮ ਦੇ ਅਸੂਲਾਂ ਤੋਂ ਜਾਣੂੰ ਕਰਾ ਕੇ ਆਤਮਿਕ ਗਿਆਨ ਦਿੱਤਾ। ਇਸ ਛੋਟੀ ਉਮਰ ਵਿਚ ਆਪ ਜੀ ਦੀ ਅਜਿਹੀ ਅਦਭੁਤ ਯੋਗਤਾ ਵੇਖ ਕੇ ਬੜੇ-ਬੜੇ ਵਿਦਵਾਨ ਪੰਡਤ ਦੰਗ ਰਹਿ ਗਏ। ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਆਦਿ ਥਾਵਾਂ 'ਤੇ ਤੀਰਥਾਂ ਤੋਂ ਹੁੰਦੇ ਹੋਏ ਭਾਦੋਂ ਸੰਮਤ ੧੭੨੯ ਵਿਚ ਸਾਰਾ ਪਰਿਵਾਰ ਲਖਨੌਰ ਨਗਰ ਪੁੱਜਾ, ਜੋ ਅੰਬਾਲੇ ਦੇ ਪਾਸ ਹੈ। ਬਾਕੀ ਪਰਿਵਾਰ ਨੂੰ ਏਥੇ ਉਤਾਰਾ ਕਰਵਾ ਕੇ, ਸ੍ਰੀ ਦਸਮੇਸ਼ ਜੀ ਦੇ ਮਾਮਾ (ਸ੍ਰੀ ਕਿਰਪਾਲ) ਜੀ ਅਗਾਊਂ ਅਨੰਦਪੁਰ ਸਾਹਿਬ ਗਏ ਤਾਂ ਜੁ ਬਾਕੀ ਦੇ ਸਫਰ ਲਈ ਸਭ ਵਾਸਤੇ ਯੋਗ ਸਵਾਰੀ ਦਾ ਪ੍ਰਬੰਧ ਕੀਤਾ ਜਾਵੇ। ਇਥੇ ਠਹਿਰਨ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਨ-ਭਾਉਂਦਾ ਸ਼ੁਗਲ ਝੂਠੀਆਂ ਲੜਾਈਆਂ ਹੋਇਆ ਕਰਦਾ ਸੀ। ਨਗਰ ਦੇ ਬਾਲਕਾਂ ਨੂੰ ਦੋ ਟੋਲੀਆਂ ਵਿਚ ਵੰਡ ਕੇ ਆਪ ਉਨ੍ਹਾਂ ਨੂੰ ਝੂਠੀ-ਮੂਠੀ ਦੀ ਲੜਾਈ ਕਰਨ ਵਿਚ ਲਾ ਦੇਂਦੇ ਅਤੇ ਫੌਜੀ ਚਾਲਾਂ ਅਤੇ ਕਸਰਤਾਂ ਦਾ ਅਭਿਆਸ ਕਰਾਇਆ ਕਰਦੇ ਸਨ। ਦਸਮੇਸ਼ ਜੀ ਦੇ ਏਥੇ ਰਹਿਣ ਸਮੇਂ ਇਕ ਦਿਨ ਆਪ ਸਾਥੀਆਂ ਸਮੇਤ ਖੇਡ ਰਹੇ ਸਨ। ਪੀਰ ਆਰਫ਼ ਦੀਨ, ਜੋ ਕਿ ਲੋਕਾਂ ਵਿਚ ਕਰਾਮਾਤੀ ਫ਼ਕੀਰ ਜਾਣਿਆ ਜਾਂਦਾ ਸੀ, ਪਾਲਕੀ ਵਿਚ ਬੈਠਾ ਉਸ ਰਾਹੇ ਲੰਘਿਆ। ਸ੍ਰੀ ਦਸਮੇਸ਼ ਜੀ ਨੂੰ ਵੇਖਦਿਆਂ ਹੀ ਉਹ ਪਾਲਕੀ ਵਿੱਚੋਂ ਉੱਤਰ ਖੜੋਤਾ। ਉਸ ਨੇ ਸ੍ਰੀ ਦਸਮੇਸ਼ ਜੀ ਅੱਗੇ ਸੀਸ ਨਿਵਾਇਆ ਫੇਰ ਉਸ ਨੇ ਇਸ ਅਨੋਖੀ ਜੋਤ-ਨੁਹਾਰ ਵਾਲੇ ਬਾਲਕ ਨੂੰ ਅਲੱਗ ਕਰ ਕੇ ਕੁਝ ਚਿਰ ਗੱਲਾਂ ਕੀਤੀਆਂ ਅਤੇ ਸੀਸ ਨਿਵਾ ਕੇ ਵਿਦਾ ਹੋਇਆ। ਜਦ ਤੱਕ ਦਸਮੇਸ਼ ਜੀ ਨਜ਼ਰ ਆਉਂਦੇ ਰਹੇ, ਓਨਾ ਚਿਰ ਪੀਰ ਪਾਲਕੀ ਵਿਚ ਨਾ ਬੈਠਾ। ਪੀਰ ਦੇ ਸਾਥੀਆਂ ਮੁਰੀਦਾਂ ਨੇ ਕਿਹਾ : 'ਪੀਰ ਜੀ, ਤੁਸੀਂ ਮੁਸਲਮਾਨ ਪੀਰ ਹੋ ਕੇ ਕਾਫ਼ਰ ਅੱਗੇ ਸਿਰ ਝੁਕਾਇਆ, ਇਹ ਤਾਂ ਕਾਫ਼ਰ ਹੈ।' ਅੱਗੋਂ ਪੀਰ ਹੋਰਾਂ ਨੇ ਕਿਹਾ : 'ਮਿੱਤਰੋ! ਤੁਹਾਨੂੰ ਅਜੇ ਸੋਝੀ ਨਹੀਂ ਆਈ ਇਹ ਬਾਲਕ ਕਾਫ਼ਰ ਨਹੀਂ। ਇਹ ਤਾਂ ਅੱਲਾ ਦਾ ਰੂਪ ਹੈ। ਉਸ ਦਾ ਨੂਰ ਇਸ ਵਿਚ ਭਰਪੂਰ ਹੈ। ਮੈਂ ਅੱਲਾ ਅੱਗੇ ਸਿਜਦਾ ਕੀਤਾ ਹੈ।' ਇਹ ਕਹਿ ਕੇ ਪੀਰ ਜੀ ਨੇ ਦਸਮੇਸ਼ ਜੀ ਵੱਲ ਮੂੰਹ ਕਰਕੇ ਫੇਰ ਸਿਜਦਾ ਕੀਤਾ। ਫੇਰ ਉਹ ਪਾਲਕੀ ਵਿਚ ਬਹਿ ਕੇ ਚਲੇ ਗਏ। ਏਥੇ ਰਹਿਣ ਸਮੇਂ ਆਪ ਦੇ ਪੁਰਾਣੇ ਸ਼ਰਧਾਲੂ ਪੀਰ (ਸ਼ਾਹ ਭੀਖ ਸ਼ਾਹ) ਨੇ ਠਸਕੇ ਤੋਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਜਿਹਾ ਕਿ ਅੱਗੇ ਦੱਸਿਆ ਗਿਆ ਹੈ ਕਿ ਪੀਰ ਜੀ ਅੱਗੇ ਪਟਨੇ ਸਾਹਿਬ ਪਹੁੰਚ ਕੇ ਸ੍ਰੀ ਦਸਮੇਸ਼ ਜੀ ਦੇ ਦਰਸ਼ਨ ਕਰ ਆਏ ਹੋਏ ਸਨ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ

ਕਿਰਪਾਲ ਸਿੰਘ ਰਿਸਰਚ ਸਕਾਲਰ



ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਵਿਚ ਇਕ ਨਵਾਂ ਮੋੜ ਆਇਆ। ਉਨ੍ਹਾਂ ਦੀ ਸ਼ਹੀਦੀ ਨੇ ਸਿੱਖਾਂ ਦੇ ਮਨਾਂ ਅੰਦਰ ਇਕ ਨਵੀਂ ਰੂਹ ਫੂਕ ਦਿੱਤੀ ਜਿਸ ਨੇ ਉਨ੍ਹਾਂ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ। ਸਿੱਖ ਰਵਾਇਤਾਂ ਅਨੁਸਾਰ ਉਨ੍ਹਾਂ ਦਾ ਅੰਤਮ ਸੰਦੇਸ਼ ਇਹ ਸੀ ਕਿ ਉਨ੍ਹਾਂ ਤੋਂ ਬਾਅਦ ਗੁਰਗੱਦੀ ਉੱਤੇ ਉਨ੍ਹਾਂ ਦਾ ਪੁੱਤਰ ਸ਼ਸਤਰਧਾਰੀ ਹੋ ਕੇ ਬੈਠੇ ਅਤੇ ਵੱਧ ਤੋਂ ਵੱਧ ਫ਼ੌਜ ਰੱਖੇ। ਇਸ ਆਦੇਸ਼ ਅਨੁਸਾਰ ਗੁਰ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸੰਨ 1606 ਵਿਚ ਸਿੱਖਾਂ ਦੇ ਰਾਜਨੀਤਿਕ ਮੰਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਸਿੱਖਾਂ ਦੀ ਇਕ ਮਜ਼ਬੂਤ ਫ਼ੌਜ ਬਣਾਉਣ ਦੇ ਮੰਤਵ ਨਾਲ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਗੁਰੂ-ਘਰ ਲਈ ਪੈਸੇ-ਧੇਲੇ ਦੀ ਜਗ੍ਹਾ ਵਧੀਆ ਘੋੜਿਆਂ ਅਤੇ ਸ਼ਸਤਰਾਂ ਦੀ ਮੰਗ ਕੀਤੀ। ਇਤਿਹਾਸਕਾਰ ਮੁਹਸਨ ਫ਼ਾਨੀ ਅਨੁਸਾਰ, 'ਸ੍ਰੀ ਗੁਰੂ ਹਰਿਗੋਬਿੰਦ ਪਾਸ ਅੱਠ ਸੌ ਵਧੀਆ ਘੋੜੇ ਸਨ। ਗੁਰੂ ਸਾਹਿਬ ਪਾਸ ਪੰਜ ਸੌ ਸ਼ਸਤਰਧਾਰੀ ਯੋਧਿਆਂ ਦਾ ਜੱਥਾ ਹਰ ਵਕਤ ਤਿਆਰ-ਬਰ-ਤਿਆਰ ਰਹਿੰਦਾ ਸੀ। ਉਨ੍ਹਾਂ ਅੰਮ੍ਰਿਤਸਰ ਵਿਖੇ ਇਕ ਲੋਹਗੜ੍ਹ ਨਾਂ ਦੇ ਕਿਲ੍ਹੇ ਦਾ ਨਿਰਮਾਣ ਵੀ ਕਰਵਾਇਆ। ਇਹ ਸਭ ਕੁਝ ਵਿਖਾਵਾ ਮਾਤਰ ਨਹੀਂ ਸੀ। ਗੁਰੂ ਸਾਹਿਬ ਨੇ ਇਸ ਫ਼ੌਜ ਨਾਲ ਮੁਗ਼ਲੀਆਂ ਸੈਨਾਵਾਂ ਨਾਲ ਹਥਿਆਰਬੰਦ ਟੱਕਰਾਂ ਵੀ ਲਈਆਂ ਜਿਨ੍ਹਾਂ ਵਿਚ ਉਹ ਹਮੇਸ਼ਾ ਜੇਤੂ ਰਹੇ, ਭਾਵੇਂ ਕਿ ਇਹ ਲੜਾਈਆਂ ਬਚਾਅ ਪੱਖੀ ਸਨ। ਗੁਰੂ ਸਾਹਿਬ ਨੇ ਸਿੱਖ ਯੋਧਿਆਂ ਨੂੰ ਬਕਾਇਦਾ ਜੰਗੀ ਕਰਤਬ ਅਤੇ ਵੱਖ-ਵੱਖ ਕਿਸਮ ਦੇ ਹਥਿਆਰਾਂ ਨੂੰ ਚਲਾਉਣ ਦੀ ਸਿਖਿਆ ਦਿੱਤੀ ਅਤੇ ਸਿੱਖਾਂ ਵਿਚ ਜੁਝਾਰੂਪਨ ਪੈਦਾ ਕੀਤਾ।'

ਸੰਨ 1675 ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੂੰ ਇਕ ਵਾਰ ਫਿਰ ਨਵੇਂ ਸਿਰਿਓਂ ਜੁਝਾਰੂ ਬਣਨ ਦੀ ਲੋੜ ਮਹਿਸੂਸ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਮੇਂ ਦੀ ਜ਼ਰੂਰਤ ਨੂੰ ਵੇਖਦਿਆਂ ਅਨੰਦਪੁਰ ਸਾਹਿਬ ਵਿਖੇ ਰਣਜੀਤ ਨਗਾਰਾ (ਰਾਜ ਦਾ ਚਿੰਨ੍ਹ) ਬਣਵਾ ਕੇ ਸਿੱਖਾਂ ਦੇ ਮਨਾਂ ਵਿਚ ਬਲਵਾਨ, ਜੁਝਾਰੂ ਅਤੇ ਫ਼ੌਜੀ ਭਾਵਨਾਵਾਂ ਨੂੰ ਜਨਮ ਦਿੱਤਾ। ਗੁਰੂ ਸਾਹਿਬ ਨੇ ਤਲਵਾਰਬਾਜ਼ੀ ਅਤੇ ਤੀਰ-ਅੰਦਾਜ਼ੀ ਆਦਿ ਦੇ ਜੰਗੀ ਵਿਸ਼ਿਆਂ ਨੂੰ ਸਿੱਖਾਂ ਲਈ ਜੀਵਨ ਦਾ ਇਕ ਜ਼ਰੂਰੀ ਹਿੱਸਾ ਬਣਾਇਆ। ਸ਼ੁਰੂ ਵਿਚ ਗੁਰੂ ਸਾਹਿਬ ਨੇ ਸਿੱਖਾਂ ਦੀ ਇਕ ਛੋਟੀ ਜਿਹੀ ਫ਼ੌਜ ਦੇ ਨਾਲ-ਨਾਲ ਕੁਝ ਤਨਖ਼ਾਹਦਾਰ ਪਠਾਣ ਫ਼ੌਜ ਵੀ ਭਰਤੀ ਕੀਤੀ, ਜਿਸ ਨਾਲ ਸਿੱਖਾਂ ਨੂੰ ਨਵੀਨ ਫ਼ੌਜੀ ਜੰਗੀ ਕਰਤਬਾਂ ਦੀ ਜਾਣਕਾਰੀ ਮਿਲੀ। ਗੁਰੂ ਸਾਹਿਬ ਨੂੰ ਭੰਗਾਣੀ ਅਤੇ ਨਾਦੌਣ ਦੇ ਯੁੱਧਾਂ ਵਿਚ ਇਸ ਫ਼ੌਜ ਨੂੰ ਅਜਮਾਉਣ ਦਾ ਮੌਕਾ ਮਿਲਿਆ ਅਤੇ ਸਫਲਤਾਵਾਂ ਵੀ ਮਿਲੀਆਂ। ਸੰਨ 1699 ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖ਼ਾਲਸੇ ਦੀ ਰਚਨਾ ਨਾਲ ਸਮੁੱਚਾ ਸਿੱਖ ਪੰਥ ਸ਼ਸਤਰਧਾਰੀ ਹੋ ਗਿਆ ਸੀ। ਗੁਰੂ ਸਾਹਿਬ ਨੇ ਖ਼ਾਲਸਾ ਫ਼ੌਜ ਨੂੰ ਉੱਚ ਫ਼ੌਜੀ ਹਥਿਆਰਾਂ ਅਤੇ ਸਿੱਖਿਆ ਨਾਲ ਲੈਸ ਕੀਤਾ ਅਤੇ ਅਨੰਦਪੁਰ ਸਾਹਿਬ ਦੇ ਦੁਆਲੇ ਕੁਝ ਕਿਲ੍ਹਿਆਂ ਦਾ ਨਿਰਮਾਣ ਵੀ ਕਰਵਾਇਆ। ਖ਼ਾਲਸਾ ਫ਼ੌਜ ਨੂੰ ਗੁਰੀਲਾ ਫ਼ੌਜੀ ਸਿਖਲਾਈ ਵੀ ਦਿੱਤੀ ਗਈ। ਹੁਣ ਖੰਡੇ ਦੀ ਪਾਹੁਲ ਛਕ ਕੇ ਨੀਵੀਆਂ ਜਾਤਾਂ ਦੇ ਲੋਕ ਵੀ ਜੁਝਾਰੂ ਬਣ ਗਏ ਅਤੇ ਇਨ੍ਹਾਂ ਦੀ ਸਹਾਇਤਾ ਨਾਲ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਅਤੇ ਮੁਗ਼ਲੀਆਂ ਫ਼ੌਜਾਂ ਕੇ ਕਈ ਵਾਰ ਦੰਦ ਖੱਟੇ ਕੀਤੇ। ਇਸ ਨਾਲ ਸਿੱਖਾਂ ਵਿਚ ਬਹਾਦਰੀ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਭਰ ਗਈ। ਹੁਣ ਜਿਥੇ-ਜਿਥੇ ਖ਼ਾਲਸਾ ਰਹਿੰਦਾ ਸੀ, ਉਥੇ-ਉਥੇ ਹੀ ਖ਼ਾਲਸਾ ਫ਼ੌਜ ਦੀ ਮੌਜੂਦਗੀ ਸਮਝੀ ਜਾਂਦੀ। ਜਬਰ ਅਤੇ ਜ਼ੁਲਮ ਦੇ ਖਿਲਾਫ਼ ਲੜਨਾ ਖ਼ਾਲਸੇ ਦਾ ਮੁੱਖ ਉਦੇਸ਼ ਸੀ। ਗੁਰੂ ਸਾਹਿਬ ਦੇ ਤਹਿਤ ਖ਼ਾਲਸੇ ਨੇ ਅਜੇ ਤੱਕ ਸਿਰਫ਼ ਆਤਮ ਰੱਖਿਆ ਜਾਂ ਬਚਾਅ ਪੱਖੀ ਲੜਾਈਆਂ ਹੀ ਲੜੀਆਂ ਸਨ ਅਤੇ ਅਨੁਸ਼ਾਸਿਤ ਫ਼ੌਜਾਂ ਨਾਲ ਟੱਕਰਾ ਲੈ ਕੇ ਜੇਤੂ ਵੀ ਰਹੇ ਸਨ। ਜਿਸ ਦਾ ਸਿਹਰਾ ਗੁਰੂ ਸਾਹਿਬਾਨ ਦੀ ਅਗਵਾਈ ਅਤੇ ਖ਼ਾਲਸੇ ਦੇ ਜੁਝਾਰੂਪੁਣੇ ਸਿਰ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸੰਨ 1699 ਵਿਚ ਖ਼ਾਲਸੇ ਦੀ ਸਾਜਣਾ ਕਿਸੇ ਲੋਕ ਵਿਖਾਵੇ ਤਹਿਤ ਨਹੀਂ ਕੀਤੀ ਸੀ, ਸਗੋਂ ਇਹ ਇਕ ਸੋਚੀ ਸਮਝੀ, ਦੂਰਗਾਮੀ ਅਤੇ ਅਨੰਤ ਸਮੇਂ ਤੱਕ ਚੱਲਣ ਵਾਲੇ ਖ਼ਾਲਸੇ ਦੇ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਸੀ, ਜਿਸ ਨੂੰ ਗੁਰੂ ਸਾਹਿਬ ਨੇ ਚਲਦੇ ਸਮਕਾਲੀ ਹਾਲਾਤ ਦੇ ਮੱਦੇ-ਨਜ਼ਰ ਅਤੇ ਵਕਤੀ ਤੌਰ 'ਤੇ ਰੱਖਿਆਤਮਕ (Defensive) ਹੀ ਰਹਿਣ ਦਿੱਤਾ ਸੀ ਪਰ ਸੰਨ 1704 ਵਿਚ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਅਤੇ ਸੰਨ 1708 ਨੂੰ ਨਾਂਦੇੜ ਸਾਹਿਬ ਤੱਕ ਦੇ ਸਫ਼ਰ ਦਰਮਿਆਨ ਘਟੀਆਂ ਘਟਨਾਵਾਂ ਅਤੇ ਹਾਲਾਤ ਨੂੰ ਘੋਖਣ ਤੋਂ ਬਾਅਦ ਗੁਰੂ ਸਾਹਿਬ ਨੇ ਨਾਂਦੇੜ ਵਿਖੇ ਨਵੇਂ ਸਜੇ ਖ਼ਾਲਸਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਆਪਣੇ ਵੱਲੋਂ ਸ਼ਸਤਰ, ਝੰਡਾ ਅਤੇ ਨਗਾਰਾ ਸੌਂਪ ਕੇ ਅਤੇ ਕੁਝ ਚੋਣਵੇਂ ਸਿੰਘਾਂ ਨਾਲ ਹਕੂਮਤ ਦੇ ਖਿਲਾਫ਼ ਆਕ੍ਰਮਕ ਯੁੱਧ (Offensive War) ਲੜਨ

ਲਈ ਖ਼ਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਤੋਰ ਦਿੱਤਾ ਸੀ। ਇਹ ਇਕ ਬਹੁਤ ਵੱਡਾ ਅਤੇ ਅਹਿਮ ਫੈਸਲਾ ਸੀ, ਜਿਸ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਦਿੱਤਾ ਸੀ। ਇਸੇ ਹੀ ਸਮੇਂ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਹੱਥ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਫੈਲੇ ਖ਼ਾਲਸੇ ਦੇ ਨਾਮ ਅਨੇਕਾਂ ਹੁਕਮਨਾਮੇ ਵੀ ਲਿਖ ਭੇਜੇ। ਹੁਕਮਨਾਮਿਆਂ ਦਾ ਹੀ ਇਹ ਕਮਾਲ ਸੀ ਕਿ ਵੱਖ-ਵੱਖ ਥਾਵਾਂ 'ਤੇ ਖਿਲਰਿਆ ਅਤੇ ਵਿਚਰ ਰਿਹਾ ਖ਼ਾਲਸਾ ਥੋੜ੍ਹੇ ਹੀ ਸਮੇਂ ਅੰਦਰ ਇਕ ਵੱਡੇ ਹਥਿਆਰਬੰਦ ਯੁੱਧ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਜਥੇਦਾਰੀ ਹੇਠ ਮਰ ਮਿਟਣ ਲਈ ਤਿਆਰ-ਬਰ-ਤਿਆਰ ਹੋ ਗਿਆ ਸੀ। ਖ਼ਾਲਸੇ ਦੀ ਇਹ ਫ਼ੌਜ ਹਕੂਮਤ ਦੀ ਅਨੁਸ਼ਾਸਿਤ ਅਤੇ ਤਨਖ਼ਾਹਦਾਰ ਫੌਜ ਵਰਗੀ ਨਹੀਂ ਸੀ ਅਤੇ ਨਾ ਹੀ ਇਹਨਾਂ ਪਾਸ ਸਰਕਾਰੀ ਫੌਜਾਂ ਦੇ ਮੁਕਾਬਲੇ ਦੇ ਆਧੁਨਿਕ ਹਥਿਆਰ ਸਨ। ਇਹਨਾਂ ਪਾਸ ਰਵਾਇਤੀ ਹਥਿਆਰਾਂ ਤੋਂ ਇਲਾਵਾ ਜੇ ਕੁਝ ਹੈ ਸੀ ਤਾਂ ਉ ਖ਼ਾਲਸਾਈ ਧਾਰਮਿਕ ਜਜ਼ਬਾ ਅਤੇ ਗੁਰੂ ਦੇ ਹੁਕਮ ਨੂੰ ਮੰਨਦਿਆਂ ਜਾਨਾਂ ਤੱਕ ਵਾਰ ਦੇਣ ਦੀ ਹਿੰਮਤ। ਅਸੀਂ ਇਤਿਹਾਸ ਵਿਚ ਦੇਖਦੇ ਹਾਂ ਕਿ ਕਿਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਗ਼ੈਰ ਅਨੁਸ਼ਾਸਿਤ ਅਤੇ ਰਵਾਇਤੀ ਹਥਿਆਰਾਂ ਨਾਲ ਲੈਸ ਇਹਨਾਂ ਬਹਾਦਰ ਯੋਧਿਆਂ ਸਦਕਾ ਹੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਇਹਨਾਂ ਅਣ-ਅਨੁਸ਼ਾਸ਼ਿਤ ਅਤੇ ਰਵਾਇਤੀ ਹਥਿਆਰਾਂ ਨਾਲ ਲੈਸ ਯੋਧਿਆਂ ਨੇ ਹਮਲਾਵਰ ਨੀਤੀ ਅਪਣਾਉਂਦਿਆਂ ਆਪਣੇ ਦੁਸ਼ਮਣ ਨੂੰ ਹਰ ਥਾਂ ਹਰਾਇਆ ਸੀ। ਪਰ ਜ਼ਿਆਦਾ ਪਾਏਦਾਰੀ ਅਤੇ ਟਿਕਾਊਪਣ ਵਿਕਸਿਤ ਵਸੀਲਿਆਂ ਅਤੇ ਵਧੀਆ ਹਥਿਆਰਾਂ ਨਾਲ ਹੀ ਸੰਭਵ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਨਵੀਨ ਜੰਗੀ ਹਥਿਆਰ ਚਲਾਉਣ ਅਤੇ ਛਾਪਾਮਾਰ ਯੁੱਧ ਲੜਨ ਦੀ ਸਿਖਲਾਈ ਦਿੱਤੀ ਅਤੇ ਛੇਤੀ ਹੀ ਪੰਜਾਬ ਦੇ ਮੱਧ ਭਾਗ ਉੱਤੇ ਖ਼ਾਲਸਾ ਰਾਜ ਕਾਇਮ ਕਰ ਲਿਆ। ਬਾਅਦ ਵਿਚ ਭਾਵੇਂ ਫ਼ਰੁਖਸੀਅਰ ਦੇ ਰਾਜ ਸਮੇਂ ਮੁਗ਼ਲ ਹਕਮਤ ਨੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਬੜੀ ਸਖ਼ਤੀ ਨਾਲ ਕੁਚਲ ਦਿੱਤਾ ਪਰ ਉਹ ਸਿੱਖਾਂ ਦਾ ਜੁਝਾਰੂਪੁਣਾ ਖਤਮ ਨਾ ਕਰ ਸਕੇ। ਸਿੱਖਾਂ ਨੂੰ ਆਪਣੇ ਘਰ-ਬਾਰ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਵੱਲ ਹਿਜ਼ਰਤ ਕਰਨੀ ਪਈ। ਹੁਣ ਘੋੜੇ ਅਤੇ ਤੋੜੇਦਾਰ ਬੰਦੂਕਾਂ ਹਰ ਸਿੱਖ ਦੀ ਜ਼ਰੂਰਤ ਬਣ ਗਏ ਸਨ। ਲੋੜ ਪੈਣ 'ਤੇ ਉਹ ਆਪਣੇ ਦੁਸ਼ਮਣ ਉੱਤੇ ਅਚਾਨਕ ਹਮਲਾ ਕਰ ਦਿੰਦੇ ਅਤੇ ਆਪਣਾ ਕੰਮ ਕਰ ਕੇ ਪਿੱਛੇ ਮੁੜ ਜਾਂਦੇ। ਕਈ ਵਾਰ ਉਹ ਇਤਨੀ ਤੇਜ਼ੀ ਅਤੇ ਫੁਰਤੀ ਨਾਲ ਹਮਲਾ ਕਰਦੇ ਕਿ ਦੁਸ਼ਮਣ ਨੂੰ ਹਥਿਆਰ ਚੁੱਕਣ ਦਾ ਮੌਕਾ ਵੀ ਨਾ ਮਿਲਦਾ। ਜ਼ਕਰੀਆ ਖ਼ਾਨ, ਯਾਹੀਆ ਖਾਨ ਅਤੇ ਮੀਰ ਮੰਨੂੰ ਵਰਗੇ ਜ਼ਾਲਮ ਸੂਬੇਦਾਰ ਵੀ ਉਨ੍ਹਾਂ ਦਾ ਫ਼ੌਜੀ ਅਤੇ ਜੁਝਾਰੂ ਵਰਤਾਰਾ ਖਤਮ ਨਾ ਕਰ ਸਕੇ। ਸਿੱਖ ਰੋਜ਼-ਰੋਜ਼ ਦੀਆਂ ਖ਼ੂਨੀ ਟੱਕਰਾਂ ਅਤੇ ਜ਼ਿੰਦਗੀ ਦੀਆਂ ਭਾਰੀ ਮੁਸੀਬਤਾਂ ਝੱਲ-ਝੱਲ ਕੇ ਹੋਰ ਵੀ ਸਖ਼ਤ ਲੜਾਕੇ ਬਣਦੇ ਗਏ। ਨਾਦਰਸ਼ਾਹ ਵਰਗੇ ਧਾੜਵੀ ਨੂੰ ਲੁੱਟਣਾ, ਛੋਟੇ ਅਤੇ ਵੱਡੇ ਦੋ ਘੱਲੂਘਾਰਿਆਂ ਤੋਂ ਬਾਅਦ ਬਹੁਤ ਜਾਨੀ ਨੁਕਸਾਨ ਕਰਵਾ ਕੇ ਵੀ ਇਕ ਵਾਰ ਫਿਰ ਜਥੇਬੰਦ ਹੋਣਾ ਅਤੇ ਅਬਦਾਲੀ ਦਾ ਟਾਕਰਾ ਕਰਨਾ ਉਨ੍ਹਾਂ ਜੁਝਾਰੂ ਅਤੇ ਬਹਾਦਰ ਸਿੱਖਾਂ ਦਾ ਹੀ ਕੰਮ ਸੀ, ਜੋ ਵਕਤ ਅਤੇ ਹਾਲਾਤ ਦੀਆਂ ਸਖ਼ਤੀਆਂ ਝੱਲ-ਝੱਲ ਕੇ ਹੋਰ ਵੀ ਪਾਏਦਾਰ ਹੁੰਦੇ ਗਏ।

**"ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।**
**ਜਿਉਂ ਜਿਉਂ ਮੰਨੂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।"**

ਇਹ ਸਿੱਖਾਂ ਦੇ ਦਿਲਾਂ ਵਿਚੋਂ ਕਦੀ ਨਾ ਖਤਮ ਹੋਣ ਵਾਲਾ ਜੁਝਾਰੂਪੁਣੇ ਅਤੇ ਬਹਾਦਰੀ ਦਾ ਅਖਾਣ ਸੀ ਜਿਸ ਨੇ ਸਿੱਖਾਂ ਨੂੰ ਪੈਦਾਇਸ਼ੀ ਯੋਧੇ ਬਣਾ ਦਿੱਤਾ ਸੀ।

ਸਿੱਖ ਮਿਸਲਾਂ ਦੇ ਤਾਕਤ ਵਿਚ ਆਉਣ ਵੇਲੇ ਸਿੱਖ ਫ਼ੌਜੀਆਂ ਪਾਸ ਘੋੜੇ, ਊਠ, ਖੱਚਰਾਂ ਅਤੇ ਰਵਾਇਤੀ ਹਥਿਆਰਾਂ, ਜਿਵੇਂ ਤਲਵਾਰ, ਨੇਜ਼ਾ, ਖੰਜਰ, ਤੀਰ ਕਮਾਨ ਆਦਿ ਤੋਂ ਇਲਾਵਾ ਤੋੜੇਦਾਰ ਬੰਦੂਕਾਂ ਸਨ। ਤੋਪਖ਼ਾਨੇ ਦੀ ਵਰਤੋਂ ਬਹੁਤ ਘੱਟ ਸੀ। ਫ਼ੌਜੀਆਂ ਵਿਚ ਅਨੁਸਾਸਨ ਅਤੇ ਚੰਗੀ ਵਰਦੀ ਦੀ ਵੀ ਘਾਟ ਸੀ। ਪੈਦਲ ਸੈਨਾ ਦੀ ਜ਼ਰੂਰਤ ਬਹੁਤ ਘੱਟ ਸਮਝੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਘੋੜ ਸਵਾਰਾਂ ਤੋਂ ਹੇਠਲਾ ਦਰਜਾ ਪ੍ਰਾਪਤ ਸੀ। ਫ਼ੌਜਾਂ ਨੂੰ ਭਰਤੀ ਕਰਨ ਅਤੇ ਨਕਦ ਤਨਖ਼ਾਹਾਂ ਦੇਣ ਦਾ ਕੋਈ ਠੋਸ ਪ੍ਰਬੰਧ ਨਹੀਂ ਸੀ। ਮਿਸਲਾਂ ਦੇ ਸਮੇਂ ਸਿੱਖ ਫ਼ੌਜਾਂ ਦੀ ਜ਼ਿਆਦਾ ਤਾਕਤ ਰਵਾਇਤੀ ਹਥਿਆਰਾਂ ਨਾਲ ਲੈਸ ਘੋੜਸਵਾਰ ਫ਼ੌਜੀ ਸਨ ਅਤੇ ਉਹ ਘੋੜੇ ਦੀ ਪਿੱਠ 'ਤੇ ਸਵਾਰ ਹੋ ਕੇ ਹੀ ਲੜਨਾ ਜਾਣਦੇ ਸਨ। ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਜਦੋਂ ਸਿੱਖ ਤਾਕਤ ਪੰਜਾਬ ਵਿਚ ਆਪਣੇ ਪੈਰ ਜਮਾ ਰਹੀ ਸੀ, ਉਦੋਂ ਹਿੰਦੁਸਤਾਨ ਦੇ ਬਾਕੀ ਹਿੱਸਿਆਂ ਯੂਰਪੀਅਨ ਜਾਂ ਅੰਗਰੇਜ਼ ਨਵੀਨ ਹਥਿਆਰਾਂ ਅਤੇ ਜੰਗੀ ਤਰੀਕਿਆਂ ਨਾਲ ਦੇਸੀ ਰਾਜਿਆਂ ਨੂੰ ਬੁਰੀ ਤਰ੍ਹਾਂ ਹਰਾ ਰਹੇ ਸਨ। ਇਸੇ ਕਰਕੇ ਟੀਪੂ ਸੁਲਤਾਨ, ਮਹਾਂਦਾਜੀ ਸਿੰਧੀਆ ਅਤੇ ਜਸਵੰਤ ਰਾਓ ਹੋਲਕਰ ਵਰਗੇ ਦੇਸੀ ਰਾਜਿਆਂ ਨੇ ਆਪਣੀਆਂ ਸੈਨਾਵਾਂ ਦੇ ਪ੍ਰਬੰਧ ਨੂੰ ਯੂਰਪੀ ਤਰਜ਼ 'ਤੇ ਢਾਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਅਸਲ ਵਿਚ ਉਨ੍ਹਾਂ ਨੂੰ ਇਸ ਸੱਚਾਈ ਦਾ ਪਤਾ ਲੱਗ ਚੁੱਕਾ ਸੀ ਕਿ ਪੈਦਲ ਅਨੁਸ਼ਾਸਿਤ ਸੈਨਾ ਦੀ ਇਕਸਾਰ ਗੋਲਾਬਾਰੀ ਅਤੇ ਕਾਰਵਾਈ ਅੱਗੇ ਘੋੜਸਵਾਰ ਫੌਜ ਜ਼ਿਆਦਾ ਦੇਰ ਨਹੀਂ ਟਿਕ ਸਕਦੀ। ਮਹਾਰਾਜਾ ਰਣਜੀਤ ਸਿੰਘ ਦੀ ਪਾਲਣਾ ਪੋਸਣਾ ਸਿੱਖ ਕੌਮ ਦੀਆਂ ਸੈਨਿਕ ਪਰੰਪਰਾਵਾਂ ਅਨੁਸਾਰ ਹੋਈ ਅਤੇ ਇਕ ਬਹੁਤ ਵਧੀਆ ਘੋੜਸਵਾਰ ਯੋਧਾ ਸੀ, ਜਿਸ ਕਰਕੇ ਉਹ ਬਹੁਤ ਛੇਤੀ ਇਸ ਜ਼ਰੂਰਤ ਨੂੰ ਸਮਝ ਗਿਆ ਕਿ ਸਿੱਖ ਜੋ ਕਿਸੇ ਵੇਲੇ ਮੁਗ਼ਲਾਂ ਅਤੇ ਦੁਰਾਨੀਆਂ ਵਿਰੁੱਧ ਕਾਮਯਾਬੀ ਨਾਲ ਲੜਦੇ ਰਹੇ ਸਨ ਹੁਣ ਉਹਨਾਂ ਵੱਲੋਂ ਯੂਰਪੀਅਨਾਂ ਨਾਲ ਲੜਨਾ ਅਤੇ ਜਿੱਤ ਹਾਸਲ ਕਰਨੀ ਉਤਨੀ ਦੇਰ ਤੱਕ ਸੰਭਵ ਨਹੀਂ ਹੋ ਸਕਦੀ ਜਿਤਨੀ ਦੇਰ ਉਹ ਲੜਾਈ ਦੇ ਪ੍ਰੰਪਰਾਗਤ ਤਰੀਕਿਆਂ ਨੂੰ ਤਿਆਗ ਕੇ ਨਵੇਂ ਨਹੀਂ ਅਪਣਾਉਂਦੇ। ਕਿਹਾ ਜਾਂਦਾ ਹੈ ਕਿ ਸੰਨ 1808-09 ਵਿਚ ਚਾਰਲਸ ਮੈਟਕਾਫ ਨਾਲ ਆਈ ਅੰਗਰੇਜ਼ ਫ਼ੌਜ ਦੀ ਇਕ ਛੋਟੀ ਜਿਹੀ ਟੁਕੜੀ ਦੇ ਅਨੁਸ਼ਾਸਨ ਅਤੇ ਚਾਲ-ਢਾਲ ਨੂੰ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਬਹੁਤ ਪ੍ਰਭਾਵਿਤ ਹੋਇਆ ਸੀ। ਅੰਗਰੇਜ਼ਾਂ ਦੁਆਰਾ ਸਤਲੁੱਜ ਦਰਿਆ ਦੇ ਦੂਜੇ ਕੰਢੇ 'ਤੇ ਮਜ਼ਬੂਤ ਫ਼ੌਜੀ ਛਾਉਣੀਆਂ ਪਾ ਕੇ ਆਪਣੇ ਰਾਜ ਦੀਆਂ ਹੱਦਾਂ ਪੱਕੀਆਂ ਕਰ ਲੈਣਾ, ਮਹਾਰਾਜੇ ਵਾਸਤੇ ਇਕ ਗੰਭੀਰ ਚੁਣੌਤੀ ਸੀ ਅਤੇ ਉਸ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਭਾਵੇਂ ਸਿੱਖ, ਹਿੰਦੁਸਤਾਨੀ ਸਿਪਾਹੀਆਂ ਨਾਲੋਂ ਬਹਾਦਰ ਸਨ ਪਰ ਉਹ ਆਪਣੇ ਬਰਾਬਰ ਦੀ ਗਿਣਤੀ ਦੇ ਈਸਟ ਇੰਡੀਆ ਕੰਪਨੀ ਦੇ ਅਨੁਸ਼ਾਸਿਤ ਸਿਪਾਹੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ ਜੋ ਲੜਾਈ ਦੇ ਨਵੀਨ ਤਰੀਕਿਆਂ ਨਾਲ ਸਿਖਿਅਤ ਸਨ। ਸੰਨ 1809 ਵਿਚ ਮਹਾਰਾਜੇ ਨੂੰ ਅੰਮ੍ਰਿਤਸਰ ਦੀ ਸੰਧੀ, ਅੰਗਰੇਜ਼ਾਂ ਦੇ ਭਾਰੀ ਫ਼ੌਜੀ ਦਿਖਾਵੇ ਅਤੇ ਦਬਾਅ ਕਰਕੇ ਕਰਨੀ ਪਈ ਸੀ। ਇਸ ਤਰ੍ਹਾਂ ਖ਼ਾਲਸਾ ਫ਼ੌਜ ਨੂੰ ਨਵੇਂ ਸਿਰਿਓਂ ਆਧੁਨਿਕ ਅਤੇ ਜੰਗੀ ਤੌਰ ਤਰੀਕਿਆਂ ਨਾਲ ਜਥੇਬੰਦ ਕਰਨਾ ਉਸ ਦੀ ਲੋੜ ਬਣ ਗਈ ਸੀ।

# *ਇਨਕਲਾਬ ਦਾ ਪੁਤਲਾ*

# ਸਰਦਾਰ ਭਗਤ ਸਿੰਘ (1907-1931 ਈ:)

**ਸ੍ਰੀ ਬਲਵੰਤ ਗਾਰਗੀ ਐਮ.ਏ.**


**ਹਰ ਕਿਸੇ ਨੂੰ ਆਪਣਾ ਲੱਗਾ ਜਾਪਣ,**
**ਆਪਣਾ ਆਪ ਜਾਂ ਵਾਰਿਆ ਭਗਤ ਸਿੰਘਾ !**
**ਡੁਬ ਕੇ ਆਪ ਆਜ਼ਾਦੀ ਦੇ ਬਹਿਰ ਅੰਦਰ,**
**ਸਾਰੇ ਦੇਸ਼ ਨੂੰ ਤਾਰਿਆ ਭਗਤ ਸਿੰਘਾ !**

**- ਗਿ: ਗੁਰਮੁਖ ਸਿੰਘ ਮੁਸਾਫ਼ਰ**

ਅਸੈਂਬਲੀ ਦੇ ਮੈਂਬਰ ਪਬਲਿਕ ਸੇਫ਼ਟੀ ਬਿੱਲ ਦੇ ਕਾਗ਼ਜ਼ਾਂ ਨੂੰ ਫੋਲ ਰਹੇ ਸਨ, ਜਦ ਤਰਮੀਮਾਂ ਦੀ ਖਚ ਖਚ ਤੇ ਘੁਸਰ ਮੁਸਰ ਉੱਤੇ ਅਚਾਨਕ ਇੱਕ ਉੱਚੇ ਬੰਬ ਦਾ ਧਮਾਕਾ ਪਿਆ। ਸਾਰੇ ਮੈਂਬਰ ਕੰਬ ਉੱਠੇ। ਕਈ ਅੰਗਰੇਜ਼ ਮੇਜ਼ਾਂ ਹੇਠਾਂ ਲੁਕ ਗਏ। ਭਾਜੜ ਮੱਚ ਗਈ। ਕੁਰਸੀਆਂ ਉਲਰ ਗਈਆਂ। ਗੈਲਰੀ ਵਿਚ ਦੋ ਨੌਜਵਾਨ ਹੱਥਾਂ ਵਿੱਚ ਪਿਸਤੌਲ ਲਈ ਖੜ੍ਹੇ ਹੱਸ ਰਹੇ ਸਨ। ਇਹ ਭਗਤ ਸਿੰਘ ਤੇ ਦੱਤ ਸਨ।

ਭਗਤ ਸਿੰਘ ਨੇ ਹੱਸਦੇ ਹੋਏ ਆਖਿਆ : "ਮੈਂ ਇਨ੍ਹਾਂ ਬੋਲਿਆਂ ਨੂੰ ਆਵਾਜ਼ ਸੁਣਾਉਣ ਖ਼ਾਤਰ ਇਹ ਪਟਾਖ਼ਾ ਚਲਾਇਆ ਹੈ। ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਇਸ ਬਿੱਲ ਨੂੰ ਪਸੰਦ ਨਹੀਂ ਕਰਦੇ।"

ਕੁਝ ਮਿੰਟ ਸਿਪਾਹੀਆਂ ਨੂੰ ਵੀ ਇਨ੍ਹਾਂ ਦੇ ਨੇੜੇ ਆਉਣ ਦੀ ਹਿੰਮਤ ਨਾ ਹੋਈ ਪਰ ਭਗਤ ਸਿੰਘ ਹੋਰਾਂ ਦਾ ਮੰਤਵ ਤਾਂ ਹਕੂਮਤ ਦੀਆਂ ਸਕੀਮਾਂ ਤੇ ਕਾਨੂੰਨਾਂ ਦਾ ਪਾਜ ਖੋਲ੍ਹਣਾ ਸੀ। ਕੁਝ ਚਿਰ ਪਿੱਛੋਂ ਜਦ ਪੁਲਿਸ ਨੇ ਉਹਨਾਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਤਾਂ ਅਸੈਂਬਲੀ ਦਾ ਉਸ ਦਿਨ ਦਾ ਅਜਲਾਸ ਬਰਖ਼ਾਸਤ ਹੋ ਗਿਆ।





12 ਜੂਨ, 1929 ਨੂੰ ਅਸੈਂਬਲੀ ਵਿਚ ਬੰਬ ਸੁੱਟਣ ਵਾਲੇ ਮੁਕੱਦਮੇ ਦਾ ਫੈਸਲਾ ਸੁਣਾਇਆ ਗਿਆ। ਜਦ ਅਦਾਲਤ ਨੇ ਕਾਲੇ ਪਾਣੀ ਦੀ ਸਜ਼ਾ ਸੁਣਾਈ ਤਾਂ ਭਗਤ ਸਿੰਘ ਨੇ 'ਇਨਕਲਾਬ ਜ਼ਿੰਦਾਬਾਦ!'' "ਡਾਊਨ ਡਾਊਨ ਯੂਨੀਅਨ ਜੈਕ" ਦੇ ਨਾਹਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਇਸ ਪਿੱਛੋਂ ਉਨ੍ਹਾਂ ਨੂੰ ਲਾਹੌਰ ਲਿਆਂਦਾ ਗਿਆ।

ਭਗਤ ਸਿੰਘ ਦਾ ਜਨਮ 1907 ਵਿਚ ਹੋਇਆ। ਉਸ ਦਿਨ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਨੇਪਾਲ ਤੋਂ ਆਏ ਸਨ। ਉਨ੍ਹਾਂ ਦੇ ਚਾਚਾ ਸ. ਸੰਪੂਰਨ ਸਿੰਘ ਜੇਲ੍ਹ ਤੋਂ ਛੁਟ ਕੇ ਆਏ ਸਨ। ਉਸੇ ਦਿਨ ਖ਼ਬਰ ਮਿਲੀ ਕਿ ਉਨ੍ਹਾਂ ਦੇ ਦੂਜੇ ਚਾਚੇ ਸ. ਅਜੀਤ ਸਿੰਘ ਮਾਂਡਲੇ ਜੇਲ੍ਹ ਤੋਂ ਰਿਹਾਅ ਹੋ ਕੇ ਆ ਰਹੇ ਹਨ ਸਾਰੇ ਲੋਕਾਂ ਨੇ ਭਗਤ ਸਿੰਘ ਨੂੰ ਭਾਗਾਂ ਵਾਲਾ ਸਮਝਿਆ ਤੇ ਕਾਫ਼ੀ ਚਿਰ ਤੱਕ, ਘਰ ਵਿਚ, 'ਭਾਗਾਂ ਵਾਲਾ' ਈ ਪਕਿਆ ਰਿਹਾ।

ਭਗਤ ਸਿੰਘ ਹਾਲੇ ਤਿੰਨ ਸਾਲ ਦਾ ਹੀ ਸੀ ਕਿ ਉਸ ਦੀ ਗੁਆਂਢਣ ਨੇ ਉਸ ਨੂੰ ਪੁੱਛਿਆ, 'ਭਾਗਾਂ ਵਾਲਿਆ, ਅੱਜ ਕੱਲ ਤੁਸੀਂ ਬੀਜਦੇ ਕੀ ਓ?' ਭਗਤ ਸਿੰਘ ਨੇ ਜਵਾਬ ਦਿੱਤਾ, "ਅਸੀਂ 'ਬੰਦੂਕਾਂ' ਬੀਜਦੇ ਹਾਂ!" ਇਹ ਜਵਾਬ ਉਸ ਦੀ ਮਾਨਸਿਕ ਤਰਬੀਅਤ ਦਾ ਪਤਾ ਦੇਂਦਾ ਹੈ। ਵੱਡਾ ਹੋ ਕੇ ਵੀ ਉਹ ਅਹਿੰਸਾ ਦੇ ਅਸੂਲਾਂ ਨੂੰ ਸਾਮਰਾਜ ਦੀ ਤਾਕਤ ਨੂੰ ਕੁਚਲਣ ਲਈ ਠੀਕ ਨਹੀਂ ਸੀ ਸਮਝਦਾ। ਉਹਦਾ ਵਿਸ਼ਵਾਸ ਸੀ ਕਿ ਗ਼ਰੀਬਾਂ ਦਾ ਖ਼ੂਨ ਨਪੀੜਨ ਵਾਲੀ ਸਰਮਾਏਦਾਰ ਹਕੂਮਤ ਨੂੰ ਤਸ਼ੱਦਦ ਅਤੇ ਮਜ਼ਦੂਰਾਂ ਦੀ ਜਥੇਬੰਦੀ ਦਾ ਹਥਿਆਰ ਹੀ ਤੋੜ ਸਕਦਾ ਹੈ। ਭਗਤ ਸਿੰਘ ਦਾ ਜਨਮ ਇੱਕ ਇਨਕਲਾਬੀ ਟੱਬਰ ਵਿਚ ਹੋਇਆ ਸੀ ਜਿਸ ਦੇ ਸਾਰੇ ਬੰਦੇ ਮੁਲਕ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ। ਉਸ ਉੱਤੇ ਆਪਣੇ ਚਾਚਾ ਅਜੀਤ ਸਿੰਘ ਦਾ ਬੜਾ ਅਸਰ ਸੀ। ਜਦ ਉਸ ਨੇ ਸੁਰਤ ਸੰਭਾਲੀ ਤਾਂ ਅਜੀਤ ਸਿੰਘ ਬਾਹਰਲੇ ਮੁਲਕਾਂ ਵਿਚ ਜਾ ਚੁੱਕੇ ਸਨ। ਉਹ ਉਨ੍ਹਾਂ ਬਾਰੇ ਗੱਲਾਂ ਸੁਣਦਾ ਰਹਿੰਦਾ। ਉਨ੍ਹਾਂ ਨੂੰ ਮਿਲਣ ਦੀ ਉਸ ਨੂੰ ਬੜੀ ਖ਼ਾਹਿਸ਼ ਸੀ। ਉਹ ਸਮਝਦਾ ਸੀ ਕਿ ਮੁਲਕ ਆਜ਼ਾਦ ਹੋਣ ਤੇ ਹੀ ਉਸ ਦੇ ਚਾਚਾ 'ਅਜੀਤ ਸਿੰਘ' ਮੁੜ ਵਾਪਸ ਹਿੰਦੁਸਤਾਨ ਆ ਸਕਦੇ ਹਨ। ਇਸ ਖ਼ਿਆਲ ਨੇ ਉਸ ਦੀ ਬੜੀ ਅਗਵਾਈ ਕੀਤੀ।

ਭਗਤ ਸਿੰਘ ਹਾਲੇ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਸੀ.ਆਈ.ਡੀ. ਦੇ ਸਿਪਾਹੀ ਉਸ ਦੀਆਂ ਹਰਕਤਾਂ ਉੱਤੇ ਕੜੀ ਨਿਗਾਹ ਰੱਖਣ ਲੱਗੇ। ਇਕ ਵਾਰ ਭਗਤ ਸਿੰਘ ਨੇ ਇਕ ਦੋਸਤ ਨੂੰ ਹੱਸਦੇ ਹੋਏ ਕਿਹਾ, "ਮੇਰੇ ਖ਼ਾਨਦਾਨ ਨੇ ਸਰਕਾਰ ਦੀ ਬਹੁਤ ਖ਼ਿਦਮਤ ਕੀਤੀ ਹੈ। ਇਸ ਖ਼ਿਦਮਤ ਦੇ ਇਵਜ਼ ਸਰਕਾਰ ਨੇ ਮੇਰੇ ਲਈ ਨੌਕਰ ਰੱਖ ਛੱਡੇ ਹਨ ਤਾਂਜੁ ਮੈਨੂੰ ਤਕਲੀਫ਼ ਨਾ ਹੋਵੇ, ਇਥੋਂ ਤੱਕ ਕਿ ਪੁਲਿਸ ਦੇ ਸਿਪਾਹੀ ਮੇਰਾ ਸਾਈਕਲ ਵੀ ਸਾਫ਼ ਕਰਦੇ ਹਨ।"

ਸ. ਭਗਤ ਸਿੰਘ ਨੇ 1923 ਵਿਚ ਨੈਸ਼ਨਲ ਕਾਲਜ ਤੋਂ ਬੀ.ਏ. ਪਾਸ ਕੀਤੀ। ਇਸ ਕਾਲਜ ਵਿਚ ਸੁਖਦੇਵ, ਯਸ਼ਪਾਲ ਤੇ ਸ਼ਹੀਦ ਭਗਵਤੀ ਚਰਨ ਵੀ ਉਸ ਦੇ ਸਾਥੀ ਸਨ। ਬੀ.ਏ. ਪਾਸ ਕਰਨ ਪਿੱਛੋਂ, ਘਰ ਵਾਲਿਆਂ ਨੇ ਭਗਤ ਸਿੰਘ ਨੂੰ ਸ਼ਾਦੀ ਲਈ ਮਜਬੂਰ ਕੀਤਾ। ਇਸ ਤੋਂ ਉਹ ਘਰੋਂ ਨਿਕਲ ਕੇ ਕਾਨ੍ਹਪੁਰ ਚਲਾ ਗਿਆ ਤੇ ਫਿਰ ਕਈ ਥਾਵਾਂ ਤੇ ਅਖ਼ਬਾਰਾਂ ਵਿਚ ਕੰਮ ਕਰਦਾ ਰਿਹਾ! ਉਹਨੀਂ ਦਿਨੀਂ ਉਸ ਨੇ ਆਪਣਾ ਨਾਂ 'ਬਲਵੰਤ' ਰੱਖਿਆ ਹੋਇਆ ਸੀ। ਇਸ ਦੌਰੇ ਵਿਚ ਹੀ ਉਹ ਯੂ.ਪੀ. ਤੇ ਬੰਗਾਲ ਦੇ ਮਸ਼ਹੂਰ ਇਨਕਲਾਬੀਆਂ ਨੂੰ ਮਿਲਿਆ। ਭਗਤ ਸਿੰਘ ਪਹਿਲਾਂ ਇਨਕਲਾਬੀ ਸੀ ਜਿਸ ਦਾ ਵਿਸ਼ਵਾਸ ਦੁਨੀਆਂ ਦੀਆਂ ਇਨਕਲਾਬੀ ਤਹਿਰੀਕਾਂ ਪੜ੍ਹਨ ਤੇ ਸਮਝਣ ਬਾਅਦ ਹੋਇਆ ਸੀ। ਉਸ ਨੇ ਵਾਲਟੇਅਰ, ਰੂਸੋ, ਵਿਕਟਰ ਹੂਗੋ ਅਤੇ ਗੋਰਕੀ ਤੇ ਹੋਰ ਬਹੁਤ ਸਾਰੇ ਇਨਕਲਾਬੀ ਲਿਖਾਰੀਆਂ ਦੀਆਂ ਪੁਸਤਕਾਂ ਬੜੇ ਗਹੁ ਨਾਲ ਪੜ੍ਹੀਆਂ ਸਨ। ਅਦਾਲਤ ਵਿਚ ਉਸ ਦੇ ਬਿਆਨ ਦੁਨੀਆਂ ਦੀਆਂ ਮਸ਼ਹੂਰ ਇਨਕਲਾਬੀ ਲਿਖਤਾਂ ਵਿਚ ਗਿਣੇ ਜਾ ਸਕਦੇ ਹਨ। ਕਾਲਜ ਦੇ ਦਿਨੀਂ ਭਗਤ ਸਿੰਘ ਦੀਆਂ ਤਕਰੀਰਾਂ ਵਿਚ ਏਨਾ ਜੋਸ਼ ਹੁੰਦਾ ਸੀ ਕਿ ਉਹ ਸਰਕਾਰ ਅੰਗਰੇਜ਼ੀ ਦੇ ਇਨੀਆਂ ਵਿਰੁੱਧ ਹੁੰਦੀਆਂ ਸਨ ਕਿ ਉਸ ਦੇ ਪਿਤਾ ਜੀ ਨੇ ਇਕ ਵਾਰ ਉਸ ਤੋਂ ਰਤਾ ਨਰਾਜ਼ ਹੋ ਕੇ ਆਖਿਆ, "ਇਨੀਆਂ ਜੋਸ਼ੀਆਂ ਤੇ ਇਨਕਲਾਬੀ ਤਕਰੀਰਾਂ ਨਹੀਂ ਕਰਨੀਆਂ ਚਾਹੀਦੀਆਂ। ਸੋਚਦਾ ਹੋਏਂਗਾ ਕਿ ਅਜੀਤ ਸਿੰਘ ਦਾ ਭਤੀਜਾ ਤੇ ਕਿਸ਼ਨ ਸਿੰਘ ਦਾ ਪੁੱਤ ਹੋਣ ਕਰਕੇ ਲੋਕ ਤੇਰੇ ਮਗਰ ਲੱਗ ਪੈਣਗੇ। ਪਰ ਇਹ ਅਭੜਵਾਹੀਆਂ ਠੀਕ ਨਹੀਂ।" ਭਗਤ ਸਿੰਘ ਨੇ ਇਨ੍ਹਾਂ ਸ਼ਬਦਾਂ ਨੂੰ ਦਿਲ ਨਾਲ ਲਾਇਆ ਤੇ ਉਹ ਦੁਖੀ ਹੋਇਆ। ਪਰ ਕੀ ਪਤਾ ਸੀ ਕਿ ਵੇਲਾ ਲੰਘਣ ਪਿਛੋਂ ਲੋਕ ਭਗਤ ਸਿੰਘ ਨੂੰ ਸਰਕਾਰ ਕਿਸ਼ਨ ਸਿੰਘ ਦਾ ਸਪੁੱਤਰ ਕਰਕੇ ਨਹੀਂ ਸਗੋਂ ਸਰਦਾਰ ਕਿਸ਼ਨ ਸਿੰਘ ਨੂੰ ਭਗਤ ਸਿੰਘ ਦਾ ਪਿਤਾ ਹੋਣ ਕਰਕੇ ਯਾਦ ਰੱਖਣਗੇ।

ਉਨ੍ਹੀਂ ਦਿਨੀਂ ਕਾਂਗਰਸ ਦੀ ਤਹਿਰੀਕ ਦੇ ਮੱਠਾ ਪੈ ਜਾਣ ਨਾਲ ਮੁਲਕ ਦੀ ਸਿਆਸੀ ਫ਼ਿਜ਼ਾ ਬੜੀ ਬਦਲੀ ਹੋਈ ਸੀ। ਕਾਂਗਰਸ ਵਿਚ ਫੁੱਟ ਪੈ ਚੁੱਕੀ ਸੀ। ਦੋ ਧੜੇ ਬਣ ਚੁੱਕੇ ਸਨ। ਲਾਲਾ ਲਾਜਪਤ ਰਾਏ ਨੇ ਹਿੰਦੂ ਮਹਾਂ ਸਭਾ ਨਾਲ ਰਲ ਕੇ ਸਵਰਾਜ ਪਾਰਟੀ ਦੇ ਖਿਲਾਫ਼ 1926 ਵਿਚ ਪੰਜਾਬ ਵਿਚ ਚੋਣਾਂ ਲੜੀਆਂ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਇਸ ਜਲਸੇ ਵਿਚ ਲਾਲਾ ਜੀ ਦੀ ਪਿਛਾਂਹ-ਖਿੱਚੂ ਨੀਤੀ ਦੇ ਖਿਲਾਫ਼ ਕੁਝ ਇਸ਼ਤਿਹਾਰ ਵੰਡੇ ਜਿਨ੍ਹਾਂ ਦੇ ਉੱਤੇ ਲਿਖਿਆ ਸੀ, "ਗਵਾਚਿਆ ਅਤੇ ਭੁਲਿਆ ਲੀਡਰ।"

ਲਾਲਾ ਜੀ ਸਿਆਸੀ ਮਾਮਲਿਆਂ ਵਿਚ ਬੜੇ ਜਜ਼ਬਾਤੀ ਸਨ। ਸਟੇਜ ਉੱਤੇ ਖਲੋ ਕੇ ਲੈਕਚਰ ਦੇਣ ਲੱਗੇ ਤੇ ਗੁੱਸੇ ਵਿਚ ਆਖਿਆ, "ਏਥੇ ਕੁਝ ਨੌਜਵਾਨ ਰੌਲਾ ਪਾਈ ਜਾਂਦੇ ਹਨ। ਉਹ ਸ਼ਾਇਦ ਕਿਸੇ ਲੈਨਿਨ ਦੀ ਤਲਾਸ਼ ਵਿਚ ਫਿਰਦੇ ਹਨ। ਪਰ ਮੈਂ ਉਨ੍ਹਾਂ ਨੂੰ ਸਾਫ਼ ਦੱਸਦਾ ਹਾਂ ਕਿ ਮੈਂ ਕੋਈ ਲੈਨਿਨ ਨਹੀਂ।" ਭਗਤ ਸਿੰਘ ਨੇ ਭਰੇ ਜਲਸੇ ਵਿਚ ਖਲੋ ਕੇ ਆਖਿਆ, "ਹਾਂ, ਸਾਨੂੰ ਲੈਨਿਨ ਵਰਗੇ ਲੀਡਰ ਚਾਹੀਦੇ ਹਨ।"

ਭਗਤ ਸਿੰਘ ਦੀਆਂ ਤਕਰੀਰਾਂ, ਉਸ ਦੀ ਦਲੇਰੀ ਤੇ ਉਸ ਦੀ ਨਿੱਗਰ, ਨਿਰੋਲ ਲੋਕ-ਸੇਵਾ ਨੇ ਉਸ ਨੂੰ ਛੇਤੀ ਹੀ ਲੋਕਾਂ ਦਾ ਮਹਿਬੂਬ ਲੀਡਰ ਬਣਾ ਦਿੱਤਾ। ਮੁਲਕ ਦੀ ਇੱਜ਼ਤ ਤੇ ਅਣਖ਼ ਦੇ ਮਾਮਲੇ ਵਿਚ ਉਹ ਬੜਾ ਜਜ਼ਬਾਤ ਸੀ। ਜਦ 1928 ਵਿਚ ਲਾਲਾ ਲਾਜਪਤ ਰਾਏ ਨੂੰ ਸਾਈਮਨ ਦੇ ਖਿਲਾਫ਼ ਜਲੂਸ ਦੀ ਅਗਵਾਈ ਕਰਨ ਤੇ ਲਾਠੀਆਂ ਪਈਆਂ ਤਾਂ ਉਹ ਇਹ ਬਰਦਾਸ਼ਤ ਨਾ ਕਰ ਸਕਿਆ। ਉਸ ਲਈ ਇਹ ਸਾਰੀ ਕੌਮ ਦੀ ਬੇਇੱਜ਼ਤੀ ਸੀ ਕਿ ਇਨੇ ਵੱਡੇ ਲੀਡਰ ਨੂੰ ਇਸ ਤਰ੍ਹਾਂ ਮਾਰਿਆ ਜਾਏ। ਭਾਵੇਂ ਉਸ ਨੂੰ ਲਾਲਾ ਜੀ ਦੀ ਸਿਆਸੀ ਪਾਲਿਸੀ ਨਾਲ ਪੂਰਾ ਇਖ਼ਤਲਾਫ਼ ਸੀ, ਫਿਰ ਵੀ ਉਸ ਨੂੰ ਲਾਲਾ ਜੀ ਦੀ ਜ਼ਾਤ ਨਾਲ ਡੂੰਘੀ ਸ਼ਰਧਾ ਸੀ। ਲਾਲਾ ਜੀ ਦੀ ਮੌਤ ਤੇ ਬੜਾ ਸੋਗ ਮਨਾਇਆ ਗਿਆ। ਬਹੁਤ ਸਾਰੇ ਹਮਦਰਦੀ ਭਰੇ ਸੁਨੇਹੇ ਆਏ, ਪਰ ਇਕ ਸੁਨੇਹਾ ਸੀ.ਆਰ. ਦਾਸ ਦੀ ਪਤਨੀ ਵੱਲੋਂ ਵੀ ਸੀ ਜਿਸ ਤੇ ਭਗਤ ਸਿੰਘ ਦਾ ਲੂੰ ਲੂੰ ਬਦਲਾ ਲੈਣ ਲਈ ਪੁਕਾਰ ਉਠਿਆ। ਇਸ ਸੁਨੇਹੇ ਵਿਚ ਛੇਕੜਲੇ ਸ਼ਬਦ ਇਹ ਸਨ : "ਕੀ ਹੁਣ ਵੀ ਮੁਲਕ ਦੇ ਨੌਜਵਾਨ ਜੀਉਂਦੇ ਹਨ? ਇੱਕ ਔਰਤ ਹੋ ਕੇ ਮੈਂ ਇਹ ਪੁਛਦੀਆਂ।"

ਭਗਤ ਸਿੰਘ ਲਈ ਇਹਨਾਂ ਸ਼ਬਦਾਂ ਵਿਚ ਗੁਝਾ ਸੁਨੇਹਾ ਸੀ, ਇਕ ਲਲਕਾਰ ਸੀ। ਭਗਤ ਸਿੰਘ ਨੇ ਉਸੇ ਦਿਨ ਇਸ ਬੇਇੱਜ਼ਤੀ ਦਾ ਬਦਲਾ ਚੁਕਾਉਣ ਦੀ ਧਾਰ ਲਈ। ਇਕ ਮੁਖ਼ਾਲਫ਼ ਨੇ ਭਗਤ ਸਿੰਘ ਨੂੰ ਆਖਿਆ, "ਤੂੰ ਤਾਂ ਲਾਲਾ ਜੀ ਦੇ ਖਿਲਾਫ਼ ਸੈਂ, ਤੂੰ ਬਦਲਾ ਕੀਕਰ ਲੈਣ ਦੀ ਸੋਚ ਲਈ?" ਭਗਤ ਸਿੰਘ ਨੇ ਜਵਾਬ ਦਿੱਦਾ, "ਉਹ ਸਾਡਾ ਬਾਪੂ ਸੀ। ਅਸੀਂ ਉਸ ਦੇ ਹੱਥੀਂ ਜੰਮੇ, ਪਲੇ, ਉਸ ਤੋਂ ਪੜ੍ਹੇ। ਇੱਕ ਪੁੱਤਰ ਤੇ ਪਿਉ ਵਿਚ ਬਹੁਤ ਸਾਰੇ ਇਖ਼ਤਲਾਫ਼ ਹੋ ਸਕਦੇ ਹਨ। ਪਰ ਸਾਡੇ ਬਾਪੂ ਦੀ ਕੋਈ ਬਿਗਾਨਾ ਆ ਕੇ ਏਕਰ ਪੱਤਰ ਲਾਹ ਜਾਵੇ ਤੇ ਉਸ ਨੂੰ ਇਸ ਤਰ੍ਹਾਂ ਮਾਰ ਸੁੱਟੇ ਇਹ ਸਾਡੇ ਕੋਲੋਂ ਬਰਦਾਸ਼ਤ ਨਹੀਂ ਹੋ ਸਕਦਾ।

ਲਾਲਾ ਜੀ ਦੇ ਮਰਨ ਤੋਂ ਪੂਰਾ ਇਕ ਮਹੀਨਾ ਪਿਛੋਂ ਦੁਪਹਿਰ ਦੇ ਤਿੰਨ ਵਜੇ ਜਦ ਬਜ਼ਾਰ, ਸੜਕਾਂ ਤੇ ਗਲੀਆਂ ਲੋਕਾਂ ਦੀ ਆਵਾਜਾਈ ਨਾਲ ਭਰੀਆਂ ਹੋਈਆਂ ਸਨ, ਜ਼ਿਲ੍ਹਾ-ਕਚਹਿਰੀਆਂ ਖੁਲ੍ਹੀਆਂ ਪਈਆਂ ਸਨ ਤੇ ਸੁਪ੍ਰਿੰਟੈਂਡੈਂਟ ਦੇ ਦਫ਼ਤਰ ਵਿਚ ਬਾਰ੍ਹਾਂ ਅਫ਼ਸਰ, ਕਈ ਇੰਸਪੈਕਟਰ ਤੇ ਕਈ ਸਿਪਾਹੀ ਮੌਜੂਦ ਸਨ। ਜ਼ਿਲ੍ਹਾ-ਕਚਹਿਰੀ ਦੇ ਐਨ ਨੇੜੇ, ਸੁਪ੍ਰਿੰਟੈਂਡੈਂਟ ਦੇ ਦਫ਼ਤਰ ਅੱਗੇ, ਲਾਲਾ ਜੀ ਦੀ ਮੌਤ ਦਾ ਬਦਲਾ ਲਿਆ ਗਿਆ। ਉਹ ਮਿਸਟਰ ਸਕਾਟ ਦੀ ਢੂੰਡ ਵਿਚ ਇਧਰ ਆਏ ਸਨ। ਗਲਤੀ ਨਾਲ ਉਹਨਾਂ ਅਸਿਸਟੈਂਟ ਸੁਪ੍ਰਿੰਟੈਂਡੈਂਟ ਪੁਲਿਸ, ਮਿਸਟਰ ਸਾਂਡਰਸ ਨੂੰ, ਜੋ ਉਸ ਵੇਲੇ ਮੋਟਰ ਸਾਈਕਲ ਤੇ ਕਿਤੇ ਬਾਹਰ ਜਾਣ ਲਈ ਨਿਕਲਿਆ ਸੀ, ਸਕਾਟ ਸਮਝ ਲਿਆ ਅਤੇ ਉਸ ਤੇ ਗੋਲੀਆਂ ਚਲਾ ਕੇ ਉਸ ਨੂੰ ਉਥੇ ਈ ਮਾਰ ਦਿੱਤਾ।

ਸਾਂਡਰਸ ਨੂੰ ਮਾਰਨ ਪਿਛੋਂ; ਭਗਤ ਸਿੰਘ ਤੇ ਉਸ ਦੇ ਸਾਥੀ ਕੋਰਟ ਸਟਰੀਟ ਵੱਲੋਂ ਦੀ ਨਿਕਲ ਕੇ ਦੌੜੇ। ਹੈਡ ਕਾਂਨਸਟੇਬਲ ਚੰਨਣ ਸਿੰਘ ਤੇ ਇਕ ਟਰੈਫ਼ਿਕ ਇੰਸਪੈਕਟਰ ਨੇ ਉਨ੍ਹਾਂ ਦਾ ਪਿੱਛਾ ਕੀਤਾ। ਡੀ.ਏ.ਵੀ. ਕਾਲਜ ਦੇ ਗਰਾਊਂਡ ਵਿਚ ਘੁਸਣ ਸਾਰ ਚੰਦਰ ਸ਼ੇਖ਼ਰ ਆਜ਼ਾਦ ਨੇ ਚੰਨਣ ਸਿੰਘ ਤੇ ਗੋਲੀ ਚਲਾਈ ਤੇ ਉਹ ਉਥੇ ਈ ਡਿੱਗ ਪਿਆ। ਇਸ ਪਿਛੋਂ ਭਗਤ ਸਿੰਘ ਤੇ ਉਹਦੇ ਸਾਥੀ ਉਥੋਂ ਗਾਇਬ ਹੋ ਗਏ। ਚੰਨਣ ਸਿੰਘ ਦੇ ਡਿੱਗਣ ਤੋਂ ਕਾਫੀ ਪਿੱਛੋਂ ਤੱਕ ਕਿਸੇ ਪੁਲਿਸ ਅਫ਼ਸਰ ਦੇ ਹਿੰਮਤ ਨਾ ਪਈ ਕਿ ਉਹ ਬਾਹਰ ਨਿਕਲੇ। ਕੁਝ ਚਿਰ ਪਿੱਛੋਂ ਮਿਸਟਰ ਸਕਾਟ ਪੁਲਿਸ ਦੀ ਇਕ ਗਾਰਦ ਲੈ ਕੇ ਡੀ.ਏ.ਵੀ. ਕਾਲਜ ਵੱਲ ਗਏ ਤੇ ਉਥੋਂ ਦੇ ਪ੍ਰਿੰਸੀਪਲ ਤੋਂ ਪੁੱਛਿਆ ਕਿ ਉਧਰ ਕੋਈ ਨੌਜਵਾਨ ਇਸ ਤਰ੍ਹਾਂ ਕਤਲ ਕਰ ਕੇ ਤਾਂ ਨਹੀਂ ਦੌੜੇ। ਪ੍ਰਿੰਸੀਪਲ ਨੇ ਆਖਿਆ, "ਹਾਂ ਏਧਰ ਕੁਝ ਨੌਜਵਾਨ ਗਏ ਹਨ।" ਤਾਂ ਮਿਸਟਰ ਸਕਾਟ ਉਨ੍ਹਾਂ ਦੇ ਪਿੱਛੇ-ਪਿੱਛੇ ਟੁਰ ਪਏ। ਪਰ ਹਾਲੇ ਥੋੜ੍ਹੀ ਦੂਰ ਹੀ ਗਏ ਹੋਣਗੇ ਕਿ ਉਹ ਘਬਰਾ ਕੇ ਉਥੇ ਹੀ ਖੜ੍ਹੇ ਹੋ ਗਏ ਤੇ ਆਖਣ ਲੱਗੇ, "ਪਰ ਉਨ੍ਹਾਂ ਸਭਨਾਂ ਕੋਲ ਵੀ ਤਾਂ ਹਥਿਆਰ ਹਨ।"

ਭਗਤ ਸਿੰਘ ਨੇ ਹੁਲੀਆ ਬਦਲਣ ਲਈ ਕੇਸ ਕਟਵਾ ਦਿੱਤੇ ਤੇ

ਅੰਗਰੇਜ਼ੀ ਸੂਟ ਪਹਿਨ ਕੇ, ਸਿਰ ਤੇ ਹੈਟ ਰੱਖ ਲਿਆ ਅਤੇ ਲਾਹੌਰ ਤੋਂ ਨਿਕਲ ਗਿਆ। ਇਸ ਪਿੱਛੋਂ ਅੰਗਰੇਜ਼ੀ ਹਕੂਮਤ ਦੇ ਕੰਨ ਖੋਲ੍ਹਣ ਲਈ ਉਸ ਦੇ ਆਪਣੇ ਸਾਥੀ ਦੱਤ ਨਾਲ ਅਸੈਂਬਲੀ ਹਾਲ ਵਿਚ, ਡੇਢ ਸਾਲ ਪਿੱਛੋਂ, ਅਚਾਨਕ ਇਕ ਦਿਨ ਫਿਰ ਆ ਕੇ ਬੰਬ ਸੁੱਟਿਆ, ਜਿਸ ਤੋਂ ਸਾਮਰਾਜੀ ਹਕੂਮਤ ਦਾ ਸਾਰਾ ਤਖ਼ਤ ਕੰਬ ਉੱਠਿਆ।

ਭਗਤ ਸਿੰਘ ਮੁਕੱਦਮੇ ਦੇ ਫ਼ੈਸਲੇ ਪਿੱਛੋਂ ਲਾਹੌਰ ਲਿਆਂਦਾ ਗਿਆ। ਉਸ ਦੇ ਬਿਆਨ ਦੀਆਂ ਲੱਖਾਂ ਕਾਪੀਆਂ ਮੁਲਕ ਵਿਚ ਵੰਡੀਆਂ ਗਈਆਂ ਤੇ ਉਹ ਮੁਲਕ ਦੇ ਕੋਨੇ-ਕੋਨੇ ਵਿਚ ਮਸ਼ਹੂਰ ਹੋ ਗਿਆ। ਚਿੱਤਰਕਾਰਾਂ ਨੇ ਉਸ ਦੀਆਂ ਤਸਵੀਰਾਂ ਵਾਹੀਆਂ ਤੇ ਕਈਆਂ ਨੇ ਗੀਤ ਲਿਖੇ। ਉਹਨੀਂ ਦਿਨੀਂ ਇਕ ਗੀਤ ਬੜਾ ਮਸ਼ਹੂਰ ਸੀ : "ਜੰਜ ਚੜ੍ਹ ਗਈ ਭਗਤ ਸਿੰਘ ਦੱਤ ਦੀ, ਜੰਞ ਚੜ੍ਹ ਗਈ।" ਉਨ੍ਹਾਂ ਦਾ ਜੇਲ੍ਹ ਵਿਚ ਜਾਣਾ ਇਕ ਤਰ੍ਹਾਂ ਦਾ ਸਹੁਰੇ ਘਰ ਢੁਕਣਾ ਸਮਝਿਆ ਗਿਆ।

ਜਦ ਭਗਤ ਸਿੰਘ ਨੇ ਹਾਈਕੋਰਟ, ਲਾਹੌਰ ਵਿਚ ਆਪਣੇ ਮੁਕੱਦਮੇ ਦੀ ਆਪ ਬਹਿਸ ਕੀਤੀ ਤਾਂ ਹਾਈਕੋਰਟ ਦੇ ਜੱਜ ਨੇ ਕਿਹਾ, "ਭਗਤ ਸਿੰਘ ਬਹੁਤ ਇਨਕਲਾਬੀ ਆਦਮੀ ਹੈ।"

ਸਾਂਡਰਸ ਦੇ ਕਤਲ ਵਿਚ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਮਿਲੀ। ਸਾਰੇ ਮੁਲਕ ਵਿਚ ਹਾਹਾਕਾਰ ਮੱਚ ਗਈ ਕਿ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਨੌਜਵਾਨਾਂ ਨੂੰ ਬਚਾਇਆ ਜਾਏ। ਭਗਤ ਸਿੰਘ ਦੇ ਪਿਤਾ ਜੀ ਨੇ ਸਭ ਤੋਂ ਵੱਡੇ ਵਕੀਲਾਂ ਦਾ ਇੰਤਜ਼ਾਮ ਕੀਤਾ ਤੇ ਟਰੀਬੂਨਲ ਅੱਗੇ ਸਫ਼ਾਈ ਪੇਸ਼ ਕਰਨ ਦੀ ਅਰਜ਼ੀ ਦਿੱਤੀ। ਪਰ ਭਗਤ ਸਿੰਘ ਨੇ ਆਪਣੇ ਪਿਤਾ ਜੀ ਨੂੰ ਲਿਖਿਆ : "ਮੈਨੂੰ ਤੁਹਾਡਾ ਪੁੱਤਰ ਹੋਣ ਦਾ ਪੂਰਾ-ਪੂਰਾ ਅਹਿਸਾਸ ਹੈ। ਨਹੀਂ ਤਾਂ ਜੇ ਤੁਹਾਡੀ ਜਗ੍ਹਾ ਕੋਈ ਹੋਰ ਹੁੰਦਾ ਤਾਂ ਮੈਂ ਉਸ ਨੂੰ ਆਪਣਾ ਦੁਸ਼ਮਣ ਸਮਝਦਾ। ਜੋ ਕੁਝ ਤੁਸੀਂ ਕਰ ਰਹੇ ਹੋ, ਇਹ ਉੱਕਾ ਗ਼ੱਦਾਰੀ ਹੈ। ਮੈਂ ਤੇ ਮੇਰੇ ਸਾਥੀ ਇਸ ਸਾਮਰਾਜੀ ਅਦਾਲਤ ਅੱਗੇ ਕੋਈ ਸਫ਼ਾਈ ਪੇਸ਼ ਕਰਨੀ ਨਹੀਂ ਚਾਹੁੰਦੇ, ਕਿਉਂਕਿ ਸਾਨੂੰ ਇਸ ਤੇ ਕੋਈ ਇਤਬਾਰ ਨਹੀਂ।"

ਉਹਨੀਂ ਦਿਨੀਂ ਉਹ ਅਦਾਲਤ ਵਿਚ ਆ ਕੇ ਐਜੀਟੇਸ਼ਨ ਕਰਨ ਲਈ ਸਿਰਫ਼ ਗੀਤ ਗਾਉਂਦੇ ਸਨ -

**"ਸਰਫ਼ਰੋਸ਼ੀ ਕੀ ਤਮੱਨਾ ਅਬ ਹਮਾਰੇ ਦਿਲ ਮੇਂ ਹੈ।"**

ਭਗਤ ਸਿੰਘ ਨੇ ਇਕ ਵਾਰ ਅਦਾਲਤ ਵਿਚ ਸੁਲਤਾਨੀ ਗਵਾਹ ਨੂੰ, ਕੁਰਸੀ ਤੋਂ ਉੱਠ ਕੇ, ਹੌਲੀ ਜਿਹੀ ਆਖਿਆ, "ਜਿਸ ਪਿਸਤੌਲ ਦੀ ਗਵਾਹ ਸਨਾਖ਼ਤ ਕਰ ਰਿਹਾ ਹੈ, ਰਤੀ ਮੈਨੂੰ ਵੀ ਦਿਖਾਣਾ।" ਅਦਾਲਤ ਵਿਚ ਖਲਬਲੀ ਮਚ ਗਈ ਤੇ ਇਕ ਅੰਗਰੇਜ਼ ਅਫ਼ਸਰ ਬੇਹੋਸ਼ ਹੋ ਗਿਆ।

ਜਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫ਼ਾਂਸੀ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ, ਭਗਤ ਸਿੰਘ ਨੇ ਹੱਸ ਕੇ ਇਹ ਸ਼ੇਅਰ ਪੜ੍ਹਿਆ -

**"ਤੇਗ਼ੋਂ ਕੇ ਸਾਏ ਮੇਂ ਹਮ, ਪਲ ਕਰ ਜਵਾਂ ਹੁਏ ਹੈਂ,**
**ਇੱਕ ਖੇਲ ਜਾਨਤੇ ਹੈਂ, ਫਾਂਸੀ ਪੇ ਝਲ ਜਾਨਾ।"**

ਭਗਤ ਸਿੰਘ ਨੇ ਜੇਲ੍ਹ ਵਿਚੋਂ ਗਵਰਨਰ ਪੰਜਾਬ ਦੇ ਨਾਂ ਖ਼ਤ ਲਿਖਿਆ, ਜਿਸ ਵਿਚ ਉਸ ਨੇ ਇਨ੍ਹਾਂ ਗੱਲਾਂ ਤੇ ਜ਼ੋਰ ਦਿੱਤਾ : "ਅਸੀਂ ਇਹ ਕਹਿਣਾ ਚਾਹੁੰਦੇ ਆਂ ਕਿ ਸਾਡੇ ਦੇਸ਼ ਦੀ ਆਜ਼ਾਦੀ ਜੰਗ ਛਿੜੀ ਹੋਈ ਹੈ ਅਤੇ ਸਾਡੀ ਇਹ ਜੰਗ ਉਸ ਵੇਲੇ ਤੱਕ ਜਾਰੀ ਰਹੇਗੀ ਜਦ ਤੀਕ ਤਾਕਤਵਰ ਲੋਕ ਹਿੰਦੁਸਤਾਨੀ ਜਨਤਾ ਅਤੇ ਮਜ਼ਦੂਰਾਂ ਦੀ ਆਮਦਨੀ ਤੇ ਪਲਦੇ ਰਹਿਣਗੇ। ਤੁਹਾਡੀ ਅਦਾਲਤ ਦੇ ਫੈਸਲੇ ਦੇ ਮੁਤਾਬਿਕ ਸਾਡੇ ਖ਼ਿਲਾਫ਼ ਇਹ ਜੰਗ ਜਾਰੀ ਰੱਖਣ ਦਾ ਇਲਜ਼ਾਮ ਹੈ। ਇਸ ਹਿਸਾਬ ਅਸੀਂ ਜੰਗੀ ਕੈਦੀ ਹਾਂ। ਇਸ ਲਈ ਸਾਨੂੰ ਫਾਂਸੀ ਦੇਣ ਦੀ ਥਾਂ ਗੋਲੀ ਨਾਲ ਉਡਾਇਆ ਜਾਏ।" ਪਰ ਹਕੂਮਤ ਏਨੀ ਬੁਜ਼ਦਿਲ ਸੀ ਕਿ ਉਨ੍ਹਾਂ ਦੀ ਇਸ ਜਾਇਜ਼ ਦਲੇਰ ਖ਼ਾਹਿਸ਼ ਨੂੰ ਵੀ ਪੂਰਾ ਨਾ ਕਰ ਸਕੀ।

ਭਗਤ ਸਿੰਘ ਜੇਲ੍ਹ ਵਿਚ ਬੜਾ ਖ਼ੁਸ਼ ਰਹਿੰਦਾ। ਉਸ ਦੇ ਮੱਥੇ ਤੇ ਕਦੇ ਆਪਣੀ ਜ਼ਿੰਦਗੀ ਖੁਹਾ ਦੇਣ ਦੇ ਦੁੱਖ ਦੀ ਛਾਂ ਨਹੀਂ ਸੀ ਆਈ। ਉਹਨੀਂ ਦਿਨੀਂ ਇਕ ਮਸ਼ਹੂਰ ਲੀਡਰ ਭਗਤ ਸਿੰਘ ਨੂੰ ਜੇਲ੍ਹ ਵਿਚ ਮਿਲਣ ਲਈ ਗਏ। ਹਾਲੇ ਫਾਂਸੀ ਵਿਚ ਕੁਝ ਦਿਨ ਰਹਿੰਦੇ ਸਨ। ਉਨ੍ਹਾਂ ਭਗਤਾਂ ਨੂੰ ਪੁੱਛਿਆ ਕਿ ਉਸ ਦੀ ਛੇਕੜਲੀ ਖ਼ਾਹਿਸ਼ ਕੀ ਹੈ। ਭਗਤ ਸਿੰਘ ਨੇ ਬੜੇ ਠਰ੍ਹਮੇ ਨਾਲ ਜਵਾਬ ਦਿੱਤਾ, "ਇੱਕ ਤਾਂ ਮੈਂ ਚਾਹੁੰਨਾ ਹਾਂ ਕਿ ਮੇਰੇ ਚਾਚਾ ਅਜੀਤ ਸਿੰਘ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਾਹਰਲੇ ਮੁਲਕਾਂ 'ਚੋਂ ਆਪਣੇ ਦੇਸ਼ ਵਿਚ ਮੁੜ ਲਿਆਓ। ਉਹ ਇਥੇ ਤਦੇ ਆਉਣਗੇ ਜਦ ਸਾਡਾ ਮੁਲਕ ਆਜ਼ਾਦ ਹੋਵੇਗਾ। ਇਸ ਲਈ ਆਜ਼ਾਦੀ ਦੀ ਲੜਾਈ ਜਾਰੀ ਰੱਖੋ। ਦੂਜੀ ਇਹ ਕਿ ਮੈਨੂੰ ਇਕ ਵਧੀਆ ਮੋਮੀ ਤਾਸ਼ ਭੇਜ ਦੇਣਾ।"

ਸੰਤ ਰਣਧੀਰ ਸਿੰਘ ਜੀ ਵੀ ਉਨ੍ਹੀਂ ਦਿਨੀਂ ਜੇਲ੍ਹ ਅੰਦਰ ਕੈਦ ਸਨ। ਉਹ ਭਗਤ ਸਿੰਘ ਨੂੰ ਫਾਂਸੀ ਲੱਗਣ ਤੋਂ ਪਹਿਲਾਂ ਮਿਲੇ ਤੇ ਉਸ ਨੂੰ ਪੁੱਛਿਆ ਕਿ ਉਸ ਨੇ ਸਿੱਖ ਧਰਮ ਕਿਉਂ ਛੱਡ ਦਿੱਤਾ ਸੀ। ਭਗਤ ਸਿੰਘ ਨੇ ਉੱਤਰ ਦਿੱਤਾ, "ਮੈਂ ਅਜੇ ਵੀ ਗੁਰੂ ਦਾ ਸਿੱਖ ਹਾਂ। ਮੈਂ ਤਾਂ ਬਦੇਸ਼ੀ ਸਰਕਾਰ ਦੀਆਂ ਅੱਖਾਂ ਵਿਚ ਮਿੱਟੀ ਪਾਉਣ ਲਈ ਕੇਸ ਕਟਾ ਦਿੱਤੇ ਸਨ। ਸਿੱਖ ਧਰਮ ਵਿਚ ਮੇਰਾ ਵਿਸ਼ਵਾਸ ਉਤਨਾ ਹੀ ਪੱਕਾ ਹੈ। ਜੇ ਮੈਂ ਜੇਲ੍ਹ ਤੋਂ ਬਾਹਰ ਗਿਆ ਤਾਂ ਮੁੜ ਕੇ ਸਿੰਘ ਸੱਜ ਜਾਵਾਂਗਾ।"

ਸੂਰਜ ਡੁੱਬ ਚੁੱਕਾ ਸੀ। ਜੇਲ੍ਹ-ਖ਼ਾਨਾ ਬੰਦ ਕਰ ਦਿੱਤਾ ਗਿਆ ਅਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਰਾਤ ਦੀ ਹਨ੍ਹੇਰੇ ਵਿਚ ਹੀ ਆਖਿਆ ਗਿਆ ਕਿ ਫਾਂਸੀ ਚੜ੍ਹਨ ਲਈ ਤਿਆਰ ਹੋ ਜਾਓ।


ਛੇਕੜਲੇ ਵਕਤ ਤੱਕ ਭਗਤ ਸਿੰਘ ਤੇ ਉਸ ਦੇ ਸਾਥੀ ਖ਼ੁਸ਼ ਸਨ। ਜਦ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਫਾਂਸੀ ਦੇ ਤਖ਼ਤੇ ਵੱਲ ਲਿਜਾਇਆ ਗਿਆ ਤਾਂ ਉਨ੍ਹਾਂ ਨੇ "ਇਨਕਲਾਬ ਜ਼ਿੰਦਾਬਾਦ" ਦਾ ਨਾਹਰਾ ਲਾਇਆ ਜਿਸ ਨਾਲ ਜੇਲ੍ਹ ਦੀਆਂ ਠੰਢੀਆਂ ਕੰਧਾਂ ਗੂੰਜ ਉਠੀਆਂ। ਉਨ੍ਹਾਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਅਤੇ ਉਸ ਨੂੰ ਗੱਲ ਵਿਚ ਪਾਉਣ ਵੇਲੇ ਉਹ ਬਿਲਕੁਲ ਨਾ ਡੋਲੇ। ਕਿਨੀ ਦਲੇਰੀ ਸੀ ਭਗਤ ਸਿੰਘ ਵਿਚ! ਆਉਣ ਵਾਲੀਆਂ ਨਸਲਾਂ ਉਸ ਨੂੰ ਸਦਾ ਯਾਦ ਰੱਖਣਗੀਆਂ।

ਗੋਰੇ ਫ਼ੌਜੀਆਂ ਨੇ ਇਨ੍ਹਾਂ ਤਿੰਨਾਂ ਦਲੇਰ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਕੱਟ ਕੇ ਟੁਕੜੇ-ਟੁਕੜੇ ਕੀਤਾ ਅਤੇ ਟਰੱਕ ਵਿਚ ਲਦ ਕੇ, ਚੋਰ ਦਰਵਾਜ਼ਿਉਂ ਨਿਕਲ ਰਾਤੋ ਰਾਤ ਸਤਲੁਜ ਦੇ ਕੰਢੇ ਲਿਜਾ ਕੇ ਮਿੱਟੀ ਦੇ ਤੇਲ ਨਾਲ ਫੂਕ- ਉਸ ਥਾਂ ਜਿਥੇ ਸਭਰਾਵਾਂ ਦੀ ਜੰਗ ਲੜੀ ਗਈ ਸੀ, ਸੁਟੀਆਂ ਜਿਥੇ ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੀ ਬਲੀ ਦਿੱਤੀ ਸੀ ਅਤੇ ਜਿਥੇ ਅਣਗਿਣਤ ਸਿੱਖ ਸੂਰਬੀਰ ਅੰਗਰੇਜ਼ਾਂ ਦੇ ਖਿਲਾਫ਼ ਲੜਦੇ ਸਤਲੁਜ ਵਿਚ ਸ਼ਹੀਦ ਹੋਏ ਸਨ। ਹੋਣੀ ਨੇ ਸ਼ਹੀਦ ਭਗਤ ਸਿੰਘ ਲਈ ਵੀ ਇਹੋ ਥਾਂ ਚੁਣੀ। ਉਹੀ ਸਤਲੁਜ ਦਾ ਕੰਢਾ ਜਿਥੇ ਉੱਚੇ ਯਾਦਗਾਰੀ ਬੁਰਜ ਉਸਾਰਨ ਦੀ ਲੋੜ ਨਹੀਂ ਸਗੋਂ ਉਹ ਆਪਣੇ ਆਪ ਵਿਚ ਹੀ ਸਾਡੇ ਮੁਲਕ ਦੀ ਆਜ਼ਾਦੀ ਦੀ ਜੰਗ ਦਾ ਇਕ ਵੱਡਾ ਚਿੰਨ੍ਹ ਹੈ, ਇਕ ਵੱਡਾ ਗੜ੍ਹ ਹੈ, ਇੱਕ ਉੱਚਾ ਬੁਰਜ ਹੈ।

**('ਪੰਜ ਦਰਿਆ' ਵਿਚੋਂ)**

# ਮਾਂ ਬੋਲੀ ਪੰਜਾਬੀ

ਮਾਖਿਉਂ ਮਿੱਠੀ ਮਾਂ ਬੋਲੀ ਪੰਜਾਬੀ ਉੱਤੇ ਸਾਨੂੰ ਮਾਣ ਹੈ, ਹੋਵੇ ਵੀ ਕਿਉਂ ਨਾਂ? ਇਸ ਨੇ ਦੇਸ਼ ਵਿੱਚ ਹੀ ਨਹੀਂ ਸੱਤ ਸਮੁੰਦਰੋਂ ਪਾਰ ਵੀ ਆਪਣੀ ਪਛਾਣ ਬਣਾਈ ਹੋਈ ਹੈ। ਪੰਜਾਬ ਵੰਡਿਆ ਗਿਆ ਪਰ ਪੰਜਾਬੀ ਬੋਲੀ ਉਂਜ ਹੀ ਬੋਲੀ, ਲਿਖੀ ਅਤੇ ਪੜ੍ਹੀ ਜਾਂਦੀ ਹੈ ਅਤੇ ਇਥੋਂ ਦੇ ਪੰਜਾਬ ਨਾਲੋਂ ਵੀ ਮਿੱਠੇ ਅੰਦਾਜ਼ ਵਿੱਚ। ਪੰਜਾਬੀ ਨੂੰ ਨੀਵਾਂ ਦਿਖਾਉਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਪੰਜਾਬੀਆਂ ਦੀ ਇਹ ਮਾਂ ਬੋਲੀ ਜਿਸ ਵਿਚ ਬਾਬੇ ਫਰੀਦ, ਬੁਲ੍ਹੇ ਸ਼ਾਹ ਨੇ ਜ਼ਿੰਦਗੀ ਦਾ ਸੱਚ ਬਿਆਨਿਆਂ, ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਮਹਾਨ ਗ੍ਰੰਥ ਦੀ ਰਚਨਾ ਕੀਤੀ ਅਤੇ ਜੋ ਪੰਜਾਬੀਆਂ ਦੇ ਦਿਲ 'ਚ ਉਦੋਂ ਤੱਕ ਵਸਦੀ ਰਹਿਣੀ ਹੈ, ਜਦੋਂ ਤੱਕ ਇਸ ਸੰਸਾਰ ਉੱਤੇ ਜੀਵਨ ਹੈ।




ਪੰਜਾਬ ਦੀ ਮਰਦਮ ਸ਼ੁਮਾਰੀ ਵੇਲੇ ਕੁਝ ਲੋਕਾਂ ਨੇ ਮਾਂ ਬੋਲੀ ਛੱਡ, ਹਿੰਦੀ ਨੂੰ ਆਪਣੀ ਮਾਂ ਬੋਲੀ ਲਿਖਣ ਲਈ ਲੋਕਾਂ ਨੂੰ ਉਤੇਜਿਤ ਕੀਤਾ, ਗੁੰਮਰਾਹ ਹੋਏ ਕੁਝ ਲੋਕਾਂ ਹਿੰਦੀ ਨੂੰ ਆਪਣੀ ਮਾਂ ਬੋਲੀ ਲਿਖਾਇਆ ਵੀ, ਪਰ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਜਦ ਉਹ ਬੋਲਦੇ ਹੀ ਪੰਜਾਬੀ ਹਨ, ਸੁਭਾਅ ਵੀ ਉਨ੍ਹਾਂ ਦਾ ਪੰਜਾਬੀਆਂ ਵਾਲਾ ਹੈ, ਸਭਿਆਚਾਰ ਵੀ ਪੰਜਾਬੀ ਹੈ ਤਾਂ ਉਹ ਮਾਂ ਨੂੰ ਕਿਵੇਂ ਭੁੱਲ ਸਕਦੇ ਹਨ? ਕਿਵੇਂ ਉਹ ਇਹ ਕਹਿ ਸਕਦੇ ਹਨ ਕਿ ਪੰਜਾਬੀ ਉਨ੍ਹਾਂ ਦੀ ਮਾਂ ਨਹੀਂ ਹੈ?

ਪੰਜਾਬੀ ਅੱਜ ਸਾਰੇ ਉਨ੍ਹਾਂ ਸੂਬਿਆਂ 'ਚ ਮਾਣ ਨਾਲ ਬੋਲੀ ਜਾਂਦੀ ਹੈ, ਜਿਥੇ ਵੀ ਕਿਧਰੇ ਪੰਜਾਬੀ ਰਹਿੰਦੇ ਹਨ। ਜਿਥੇ ਵੀ ਕਿਧਰੇ ਗੁਰੂ ਘਰ ਬਣੇ ਹਨ, ਉਥੇ ਹੀ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਸਥਾਨਕ ਲੋਕਾਂ ਵਲੋਂ ਕੀਤਾ ਜਾਂਦਾ ਹੈ। ਪ੍ਰਦੇਸਾਂ ਵਿੱਚ ਪੰਜਾਬੀ ਨੂੰ ਪ੍ਰਚਾਰਨ, ਜਿਊਂਦਾ ਰੱਖਣ ਲਈ ਪੰਜਾਬੀਆਂ ਨੇ ਭਰਪੂਰ ਯਤਨ ਕੀਤੇ ਹਨ। ਇਹ ਯਤਨ ਸਿਰਫ ਗੁਰੂ ਘਰਾਂ ਵਿੱਚ ਹੀ ਨਹੀਂ, ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਸਕੂਲਾਂ 'ਚ ਪੰਜਾਬੀ ਭਾਸ਼ਾ ਪੜ੍ਹਾਉਣ ਤੱਕ ਅਤੇ ਉਥੇ ਪੰਜਾਬੀ ਨੂੰ ਦੂਜੀ ਜਾਂ ਤੀਜੀ ਭਾਸ਼ਾ ਵਜੋਂ ਸਰਕਾਰੇ ਦਰਬਾਰੇ ਪ੍ਰਵਾਨ ਕਰਨ ਲਈ ਵੀ ਕੀਤੇ ਹਨ ਅਤੇ ਸਫਲਤਾ ਵੀ ਪ੍ਰਾਪਤ ਕੀਤੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਕੈਨੇਡਾ, ਅਮਰੀਕਾ, ਵਲੈਤ, ਨਿਊਜ਼ੀਲੈਂਡ, ਅਸਟ੍ਰੇਲੀਆ ਅਤੇ ਹੋਰ ਮੁਲਕਾਂ ਵਿਚ ਪੰਜਾਬੀਆਂ ਵਲੋਂ ਅਖਬਾਰਾਂ, ਰਸਾਲੇ, ਆਨਲਾਈਨ ਅਖਬਾਰਾਂ-ਮੈਗਜ਼ੀਨ ਪ੍ਰਕਾਸ਼ਤ ਕਰਕੇ ਮਾਂ ਬੋਲੀ ਪੰਜਾਬੀ ਲਈ ਇੱਕ ਅਹਿਮ ਉਪਰਾਲਾ ਹੀ ਨਹੀਂ, ਸਗੋਂ ਇਸ ਵਿੱਚ ਸਫਲਤਾ ਵੀ ਹਾਸਲ ਕੀਤੀ ਹੈ।

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
98144-74535



ਪਰ ਪੰਜਾਬੀਓ ਇਸ ਦੇ ਬਾਵਜੂਦ ਮਾਂ ਬੋਲੀ ਪੰਜਾਬੀ ਆਉਣ ਵਾਲੇ ਸਮੇਂ ਵਿਚ ਖਤਮ ਹੋਣ ਜਾ ਰਹੀ ਹੈ, ਇਹ ਟਿੱਪਣੀ ਨਿਰੀ ਝੂਠ ਵੀ ਨਹੀਂ ਲੱਗਦੀ। ਅੱਜ ਉਹ ਸੂਬਾ ਪੰਜਾਬ, ਜਿਸ ਨੂੰ ਭਾਸ਼ਾ ਦੇ ਅਧਾਰ ਉੱਤੇ ਬਣਾਇਆ ਗਿਆ ਸੀ, ਉਸ ਵਿੱਚ ਪੰਜਾਬੀ ਦੀ ਜੋ ਹਾਲਤ ਹੈ, ਇਹ ਇਕ ਬਹੁਤ ਹੀ ਗੰਭੀਰ ਮਸਲਾ ਹੈ। ਪੰਜਾਬੀ ਨੂੰ ਪੰਜਾਬ 'ਚ ਮਾਰਨ ਦੇ ਯਤਨ ਹੋ ਰਹੇ ਹਨ? ਉਂਝ ਵੀ ਪੰਜਾਬ ਦੇ ਮੱਧਵਰਗ ਦੇ ਸ਼ਹਿਰੀ ਲੋਕਾਂ ਵਲੋਂ ਪੰਜਾਬੀ ਨੂੰ "ਗਵਾਰਾਂ ਦੀ ਭਾਸ਼ਾ" ਸਮਝ ਕੇ ਨੁਕਰੇ ਲਾਉਣ ਲਈ, ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ 'ਚ ਪੜ੍ਹਾਉਣ ਦੀ ਹੋੜ ਅਤੇ ਘਰਾਂ 'ਚ ਪੰਜਾਬੀ ਦੀ ਬਜਾਏ "ਹਮਕੋ ਤੁਮਕੋ" ਸਿਖਾਉਣ ਦੇ ਵਰਤਾਰੇ ਨੇ ਪੰਜਾਬੀ ਭਾਸ਼ਾ ਨੂੰ ਤਾਂ ਨੁਕਸਾਨ ਪਹੁੰਚਾਇਆ ਹੀ, ਬੱਚਿਆਂ ਦੀ ਮਾਂ ਬੋਲੀ ਉਨ੍ਹਾਂ ਤੋਂ ਖੋਹਣ ਦਾ ਕੋਝਾ ਯਤਨ ਵੀ ਕੀਤਾ ਹੈ। ਆਉਣ ਵਾਲੀ ਪੀੜ੍ਹੀ ਉਨ੍ਹਾਂ ਦੇ ਇਸ ਕੀਤੇ ਜਾ ਰਹੇ ਧ੍ਰੋਹ ਨੂੰ ਕਦੇ ਵੀ ਮੁਆਫ ਨਹੀਂ ਕਰੇਗੀ।

ਪੰਜਾਬ ਦੇ ਸਰਕਾਰੀ ਅਦਾਰੇ ਪੰਜਾਬੀ ਨੂੰ ਤਿਲਾਂਜ਼ਲੀ ਦੇ ਕੇ ਅੰਗਰੇਜ਼ੀ ਨੂੰ ਅਹਿਮੀਅਤ ਦੇ ਰਹੇ ਹਨ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਖਵਾਲੀ ਸਰਕਾਰ ਨੂੰ ਪੰਜਾਬੀ ਮਾਂ ਨਾਲ ਹੋ ਰਹੀਂ ਬੇਇਨਸਾਫੀ, ਵਿਤਕਰੇ ਅਤੇ ਸਰਕਾਰੀ ਦਫਤਰਾਂ 'ਚ ਹੋ ਰਹੀ ਬੇਕਦਰੀ ਰੋਕਣ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਅਸੀਂ ਕਿਸੇ ਹੋਰ ਭਾਸ਼ਾ ਪੜ੍ਹਨ, ਪੜ੍ਹਾਉਣ ਦੇ ਵਿਰੋਧੀ ਨਹੀਂ ਹਾਂ, ਅਸੀਂ ਤਾਂ ਮਾਂ ਬੋਲੀ ਪੰਜਾਬੀ ਨੂੰ ਸਿਖ਼ਰਾਂ 'ਤੇ ਵੇਖਣ ਦੇ ਚਾਹਵਾਨ ਹਾਂ, ਕਿਉਂਕਿ ਮਾਂ ਬੋਲੀ ਪੰਜਾਬੀ ਲਾਵਾਰਿਸ ਨਹੀਂ ਹੈ, ਇਸਨੂੰ ਬੋਲਣ ਵਾਲੇ, ਇਸ ਨੂੰ ਲਿਖਣ ਵਾਲੇ ਅਤੇ ਇਸ ਦੀ ਰਾਖੀ ਕਰਨ ਵਾਲੇ ਲੋਕਾਂ ਦੀ ਦੇਸ਼ ਵਿਦੇਸ਼ 'ਚ ਕਮੀ ਨਹੀਂ ਹੈ। ਆਓ ਅਸੀਂ ਆਪਣੇ ਘਰਾਂ ਵਿਚ ਵੀ ਬੱਚਿਆਂ ਨਾਲ ਪੰਜਾਬੀ ਵਿਚ ਗੱਲ ਕਰਨ ਨੂੰ ਤਰਜੀਹ ਦੇਈਏ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਵੀ ਸਾਡੇ ਉੱਤੇ ਮਾਣ ਹੋਵੇ। ਇਕ ਲੇਖਕ ਦੇ ਕਹੇ ਬਹੁਤ ਹੀ ਖ਼ੂਬਸੂਰਤ ਬੋਲ ਜੋ ਮੇਰੇ ਜਿਹਨ ਵਿਚ ਹਨ –

**ਮਾਂ ਬੋਲੀ ਪੰਜਾਬੀ ਆਪਣੀ, ਦੇਖਿਓ ਜੀ ! ਭੁੱਲ ਜਾਇਓ ਨਾ।**
**ਹੋ ਜਾਇਓ ਭਾਵੇਂ ਪ੍ਰਦੇਸੀ, ਪਰ ਆਪਣਾ ਵਤਨ ਭੁਲਾਇਓ ਨਾ।**
**ਮਾਂ ਪੰਜਾਬੀ ਬੋਲੀ ਦੇ ਵਿਚ, ਗੁਰੂਆਂ ਦੀ ਗੁਰਬਾਣੀ ਆ।**
**ਦਾਤੇ, ਭਗਤ, ਸੂਰਮੇ, ਦਾਨੀ, ਇਹਦੇ ਪੁੱਤ ਪ੍ਰਾਣੀ ਆ।**
**ਗ਼ੈਰਤ, ਅਣਖ਼ਾਂ ਨਾਲ ਭਰੀ ਹੋਈ, ਮਾਂ ਦਾ ਮਾਣ ਘਟਾਇਓ ਨਾ।**
**ਮਾਂ ਬੋਲੀ ਪੰਜਾਬੀ ਆਪਣੀ, ਦੇਖਿਓ ਜੀ ! ਭੁੱਲ ਜਾਇਓ ਨਾ।**

# ਆਓ ਜਾਣੀਏ !

- ਸੰਪਾਦਕ

1. ਚਰਨ ਪਾਹੁਲ ਨਾਮਕ ਪ੍ਰਥਾ ਦਾ ਅੰਤ ਕਿਸ ਨੇ ਕੀਤਾ?
   ੳ) ਗੁਰੂ ਅਰਜਨ ਦੇਵ ਜੀ  ਅ) ਗੁਰੂ ਹਰਗੋਬਿੰਦ ਜੀ
   ੲ) ਗੁਰੂ ਗੋਬਿੰਦ ਸਿੰਘ  ਸ) ਗੁਰੂ ਤੇਗ ਬਹਾਦਰ ਜੀ  (ੲ)
2. ਗੁਰੂ ਗੋਬਿੰਦ ਸਿੰਘ ਨੇ ਆਪਣੇ ਪੂਰਵ ਜਨਮ ਤੇ ਆਰੰਭਿਕ ਜੀਵਨ ਦੀਆਂ ਘਟਨਾਵਾਂ ਦਾ ਜ਼ਿਕਰ ਕਿਹੜੇ ਗ੍ਰੰਥ ਵਿੱਚ ਕੀਤਾ ਸੀ?
   ੳ) ਬਚਿੱਤਰ ਨਾਟਕ  ਅ) ਅਕਾਲ ਉਸਤਤਿ
   ੲ) ਚੌਬੀਸ ਅਵਤਾਰ  ਸ) ਬ੍ਰਹਮ ਅਵਤਾਰ  (ੳ)
3. ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਨੂੰ ਆਦਿ ਗ੍ਰੰਥ ਵਿੱਚ ਕਿਸ ਨੇ ਸ਼ਾਮਿਲ ਕੀਤਾ?
   ੳ) ਭਾਈ ਘਨ੍ਹੱਈਆ ਜੀ  ਅ) ਭਾਈ ਨੰਦ ਲਾਲ
   ੲ) ਭਾਈ ਮਨੀ ਸਿੰਘ  ਸ) ਗੁਰੂ ਗੋਬਿੰਦ ਸਿੰਘ ਜੀ  (ਸ)
4. "ਚਾਲੀ ਮੁਕਤੇ" ਕਿਹੜੀ ਲੜਾਈ ਵਿੱਚ ਸ਼ਹੀਦ ਹੋਏ?
   ੳ) ਭੰਗਾਣੀ ਦੀ ਲੜਾਈ  ਅ) ਆਨੰਦਪੁਰ ਦੀ ਦੂਜੀ ਲੜਾਈ
   ੲ) ਖਿਦਰਾਣੇ ਦਾ ਯੁੱਧ  ਸ) ਸਾਹੀ ਟਿੱਬੀ ਦੀ ਲੜਾਈ  (ੲ)
5. ਪੀਰ ਬੁੱਧੂ ਸ਼ਾਹ ਕਿਸ ਗੁਰੂ ਦਾ ਸਮਕਾਲੀ ਸੀ?
   ੳ) ਗੁਰੂ ਤੇਗ ਬਹਾਦਰ ਜੀ  ਅ) ਗੁਰੂ ਗੋਬਿੰਦ ਸਿੰਘ ਜੀ
   ੲ) ਗੁਰੂ ਅਰਜਨ ਦੇਵ ਜੀ  ਸ) ਗੁਰੂ ਅਮਰਦਾਸ ਜੀ  (ਅ)
6. ਖ਼ਾਲਸਾ ਕਿਸ ਗੁਰੂ ਦਾ ਪੁੱਤਰ ਮੰਨਿਆ ਜਾਂਦਾ ਹੈ?
   ੳ) ਗੁਰੂ ਤੇਗ ਬਹਾਦਰ ਜੀ  ਅ) ਗੁਰੂ ਗੋਬਿੰਦ ਸਿੰਘ ਜੀ
   ੲ) ਗੁਰੂ ਅਰਜਨ ਦੇਵ ਜੀ  ਸ) ਗੁਰੂ ਅਮਰਦਾਸ ਜੀ  (ਅ)
7. ਸਰਹੰਦ ਦੀ ਦੀਵਾਰ ਦਾ ਸਬੰਧ ਕਿਸ ਨਾਲ ਹੈ?
   ੳ) ਬੰਦਾ ਬਹਾਦਰ  ਅ) ਮਹਾਰਾਜਾ ਰਣਜੀਤ ਸਿੰਘ
   ੲ) ਛੋਟੇ ਸਾਹਿਬਜ਼ਾਦੇ  ਸ) ਵੱਡੇ ਸਾਹਿਬਜ਼ਾਦੇ  (ੲ)
8. ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਕਿੱਥੇ ਚਿਣਵਾਇਆ ਗਿਆ?
   ੳ) ਚੱਪੜਚਿੜੀ  ਅ) ਸਰਹੰਦ
   ੲ) ਲਾਹੌਰ  ਸ) ਕੁੱਪ ਪਿੰਡ  (ਅ)
9. ਪਾਉਂਟਾ ਸਾਹਿਬ ਦੀ ਸਥਾਪਨਾ ਕਿਸ ਨੇ ਕੀਤੀ?
   ੳ) ਗੁਰੂ ਗੋਬਿੰਦ ਸਿੰਘ ਜੀ  ਅ) ਗੁਰੂ ਤੇਗ ਬਹਾਦਰ ਜੀ
   ੲ) ਭਾਈ ਮਨੀ ਸਿੰਘ  ਸ) ਭਾਈ ਬੁੱਢਾ ਸਿੰਘ  (ੳ)
10. "ਜ਼ਫ਼ਰਨਾਮਾ" ਸ਼ਬਦ ਦਾ ਕੀ ਅਰਥ ਹੈ?
    ੳ) ਹੁਕਮ ਦੇਣਾ  ਅ) ਡਰ ਜਾਣਾ
    ੲ) ਵਿਜੈ ਪੱਤਰ  ਸ) ਧਮਕੀ ਦੇਣਾ  (ੲ)

**(ਚਲਦਾ)**

# ਸਮੱਸਿਆਵਾਂ ਸਮੇਂ ਖੁਸ਼ ਰਹਿਣ ਦੇ ਢੰਗ



ਇਸ ਸੰਸਾਰ ਵਿਚ ਸਭ ਕੁਝ ਸਾਡੀ ਸੋਚ ਅਨੁਸਾਰ ਨਹੀਂ ਹੋ ਸਕਦਾ ਇਸ ਗੱਲ ਨੂੰ ਸਦਾ ਯਾਦ ਰੱਖੋ। ਸਾਡੇ ਜੀਵਨ ਵਿਚ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ ਸਾਡੇ ਸਾਰੇ ਕੰਮ ਰੁੱਕ ਜਾਂਦੇ ਹਨ ਅਤੇ ਅਸੀਂ ਬਹੁਤ ਨਿਰਾਸ਼ ਹੋ ਜਾਂਦੇ ਹਾਂ। ਅਸੀਂ ਸੋਚਦੇ ਹਾਂ ਕਿ ਸਾਡੇ ਨਾਲ ਇਸ ਤਰ੍ਹਾਂ ਕਿਉਂ ਹੋਇਆ? ਕੰਮ ਤਾਂ ਥੋੜ੍ਹੇ ਸਮੇਂ ਲਈ ਹੀ ਖਰਾਬ ਹੋਇਆ ਹੁੰਦਾ ਹੈ ਪਰ ਅਸੀਂ ਆਪਣੀ ਨਕਾਰਾਤਮਕ ਸੋਚ ਨਾਲ ਉਸ ਕੰਮ ਨੂੰ ਕਈ ਗੁਣਾਂ ਵਿਗਾੜ ਲੈਂਦੇ ਹਾਂ ਅਤੇ ਆਪਣੀ ਮਾਨਸਿਕ ਸਥਿਤੀ ਖਰਾਬ ਕਰ ਲੈਂਦੇ ਹਾਂ। ਕਈ ਵਾਰ ਘਟਨਾ ਹੋ ਕੇ ਖਤਮ ਵੀ ਹੋ ਜਾਂਦੀ ਹੈ ਪਰ ਅਸੀਂ ਉਸਨੂੰ ਆਪਣੇ ਮਨ ਵਿਚ ਪਕੜ ਕੇ ਰੱਖਦੇ ਹਾਂ ਜਿਸ ਕਾਰਨ ਸਾਡਾ ਮਨ ਬੇਚੈਨ ਅਤੇ ਭਾਰੀ ਹੋ ਜਾਂਦਾ ਹੈ। ਮਾੜੀ ਸਥਿਤੀ ਦਾ ਜ਼ਿੰਮੇਵਾਰ ਆਪਣੇ ਆਪ ਨੂੰ, ਕਿਸੇ ਨੂੰ, ਕਿਸਮਤ ਨੂੰ ਜਾਂ ਪਰਮਾਤਮਾ ਨੂੰ ਸਮਝਣ ਦੀ ਬਜਾਏ ਅਣਦੇਖੀ ਕਰਕੇ ਇਸ ਤੋਂ ਛੁਟਕਾਰਾ ਪਾਉ।

ਸਾਨੂੰ ਹਮੇਸ਼ਾ ਆਪਣੀ ਤਰੱਕੀ ਲਈ ਸੋਚਣਾ ਚਾਹੀਦਾ ਹੈ ਪਰ ਉਸ ਤਰੱਕੀ ਨੂੰ ਪ੍ਰਾਪਤ ਕਰਨ ਲਈ ਕਿਸੇ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ ਸਗੋਂ ਉਸਨੂੰ ਸਹਿਯੋਗ ਦੇਣਾ ਚਾਹੀਦਾ ਹੈ। ਕੋਈ ਨਾ ਕੋਈ ਅਜਿਹਾ ਵਿਅਕਤੀ ਜ਼ਰੂਰ ਹੁੰਦਾ ਹੈ ਜੋ ਤੁਹਾਡੀ ਜਗ੍ਹਾ ਕੰਮ ਕਰਨ ਲਈ ਤਿਆਰ ਹੁੰਦਾ ਹੈ, ਸਾਨੂੰ ਇਹ ਵਹਿਮ ਰੱਖਣ ਦੀ ਬਜਾਏ ਸਹਿਯੋਗ ਦੇਣਾ ਚਾਹੀਦਾ ਹੈ। ਅਸੀਂ ਕਿਸੇ ਨੂੰ ਦੁੱਖ ਦੇ ਕੇ ਕਦੇ ਵੀ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਸਮਾਜ ਵਿਚ ਵੀ ਸਾਨੂੰ ਆਪਣੀ ਤਰੱਕੀ ਕਰਨ ਦੀ ਪੂਰੀ ਅਜ਼ਾਦੀ ਹੈ ਪਰ ਉਹ ਕਿਸੇ ਨੂੰ ਨੁਕਸਾਨ ਪਹੁੰਚਾ ਕੇ ਨਾ ਕਰੋ ਸਗੋਂ ਹੋ ਸਕੇ ਤਾਂ ਸਹਿਯੋਗ ਦਿਉ। ਇਸ ਤਰ੍ਹਾਂ ਅਸੀਂ ਸਮੱਸਿਆਵਾਂ ਤੋਂ ਬਚ ਸਕਦੇ ਹਾਂ।

ਪ੍ਰਸੰਸ਼ਾ ਅਤੇ ਆਲੋਚਨਾ ਦੋਨਾਂ ਨੂੰ ਤਰੱਕੀ ਦੇ ਰਸਤੇ ਵਿਚ ਵਿਘਨ ਨਾ ਬਣਨ ਦਿਉ। ਪ੍ਰਸੰਸ਼ਾ ਸੁਣ ਕੇ ਜ਼ਿਆਦਾ ਖੁਸ਼ੀ ਵਿਚ ਨਾ ਆਓ ਅਤੇ ਆਲੋਚਨਾ ਸੁਣ ਕੇ ਗੁੱਸੇ ਵਿਚ ਨਾ ਆਉ। ਦੂਸਰੇ ਦੀਆਂ ਕਮਜ਼ੋਰੀਆਂ ਵੱਲ ਬਹੁਤਾ ਧਿਆਨ ਨਾ ਦਿਉ। ਆਲੋਚਨਾ ਉਹੀ ਕਰਦੇ ਹਨ ਜੋ ਜੀਵਨ ਯਾਤਰਾ ਵਿਚ ਆਈਆਂ ਰੁਕਾਵਟਾਂ ਤੋਂ ਥੱਕ ਜਾਂਦੇ ਹਨ, ਅੱਗੇ ਵਧ ਨਹੀਂ ਪਾਉਂਦੇ। ਉਹ ਰਸਤੇ ਦੇ ਕਿਨਾਰੇ ਖੜ੍ਹੇ ਹੋ ਕੇ ਬਾਕੀਆਂ ਤੇ ਪੱਥਰ ਸੁੱਟਦੇ ਹਨ ਤਾਂ ਜੋ ਉਹ ਵੀ ਰੁੱਕ ਜਾਣ ਅਤੇ ਉਨ੍ਹਾਂ ਵਰਗੇ ਬਣ ਜਾਣ। ਸਮਝਦਾਰ ਲੋਕ ਇਸਨੂੰ ਅਣਦੇਖਿਆ ਕਰਕੇ ਆਪਣੀ ਜੀਵਨ ਯਾਤਰਾ ਨਿਰੰਤਰ ਜਾਰੀ ਰੱਖਦੇ ਹਨ। ਸਾਨੂੰ ਵੀ ਅਜਿਹਾ ਕਰਨ ਦੀ ਲੋੜ ਹੈ।

ਇੱਕ ਵਾਰ ਸਮੱਸਿਆਵਾਂ ਤੋਂ ਦੁਖੀ ਵਿਅਕਤੀ ਇਕ ਮਹਾਤਮਾ ਕੋਲ ਗਿਆ। ਮਹਾਤਮਾ ਨੇ ਕਿਹਾ ਸਾਡੇ ਕੋਲ 100 ਊਠ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਅੱਜ ਰਾਤ ਤੂੰ ਇਨ੍ਹਾਂ ਦਾ ਖਿਆਲ ਰੱਖੇਂ। ਜਦੋਂ ਸਾਰੇ ਊਠ ਬੈਠ ਜਾਣ ਤਾਂ ਤੂੰ ਵੀ ਸੌਂ ਜਾਵੀ। ਸਵੇਰੇ ਮਹਾਤਮਾ ਦੇ ਪੁੱਛਣ ਤੇ ਵਿਅਕਤੀ ਨੇ ਦੱਸਿਆ ਕਿ ਮੈਂ ਸਾਰੇ ਊਠਾਂ ਨੂੰ ਬੈਠਾ ਨਹੀਂ ਸਕਿਆ, ਕੋਈ ਨਾ ਕੋਈ ਖੜ੍ਹਾ ਹੋ ਹੀ ਜਾਂਦਾ ਸੀ। ਮਹਾਤਮਾ ਨੇ ਕਿਹਾ ਸਾਡੇ ਜੀਵਨ ਵਿਚ ਸਮੱਸਿਆਵਾਂ ਵੀ ਇਸੇ ਤਰ੍ਹਾਂ ਹੀ ਹਨ, ਪੂਰੀ ਤਰ੍ਹਾਂ ਕਦੇ ਵੀ ਖਤਮ ਨਹੀਂ ਹੋ ਸਕਦੀਆਂ। ਕੁਝ ਸਮੱਸਿਆਵਾਂ ਤਾਂ ਆਪਣੇ ਆਪ ਹੀ ਖਤਮ ਹੋ ਜਾਂਦੀਆਂ ਹਨ। ਕੁਝ ਸਾਡੇ ਯਤਨ ਕਰਨ ਨਾਲ ਖਤਮ ਹੋ ਜਾਂਦੀਆਂ ਹਨ। ਕੁਝ ਸਾਡੇ ਯਤਨ ਕਰਨ ਤੇ ਵੀ ਖਤਮ ਨਹੀਂ ਹੁੰਦੀਆਂ ਉਨ੍ਹਾਂ ਨੂੰ ਸਮੇਂ ਤੇ ਛੱਡ ਦੇਣਾ ਚਾਹੀਦਾ ਹੈ, ਜਦੋਂ ਸਹੀ ਸਮਾਂ ਆਉਂਦਾ ਹੈ ਆਪਣੇ ਆਪ ਹੀ ਖਤਮ ਹੋ ਜਾਂਦੀਆਂ ਹਨ। ਸਮੱਸਿਆਵਾਂ ਟਰੈਫਿਕ ਦੀ ਲਾਲ ਬੱਤੀ ਦੀ ਤਰ੍ਹਾਂ ਹੁੰਦੀਆਂ ਹਨ, ਥੋੜ੍ਹੇ ਸਮੇਂ ਬਾਦ ਹਰੀ ਬੱਤੀ ਜਗ ਹੀ ਪੈਂਦੀ ਹੈ। ਇਸ ਤਰ੍ਹਾਂ ਸਮੱਸਿਆਵਾਂ ਨੂੰ ਇਕ ਪਾਸੇ ਰੱਖੋ ਅਤੇ ਜੀਵਨ ਦਾ ਆਨੰਦ ਲਉ।

ਬਿਜਲੀ ਨੂੰ ਛੂਹਣ ਨਾਲ ਕਰੰਟ ਲੱਗਦਾ ਹੈ ਅਤੇ ਅੱਗ ਨੂੰ ਛੂਹਣ ਨਾਲ ਹੱਥ ਜਲ ਜਾਂਦਾ ਹੈ। ਅਸੀਂ ਕਦੇ ਇਹ ਯਤਨ ਨਹੀਂ ਕਰਦੇ ਕਿ ਬਿਜਲੀ ਅਤੇ ਅੱਗ ਆਪਣਾ ਸੁਭਾਅ ਬਦਲ ਲਵੇ। ਅਸੀਂ ਉਨ੍ਹਾਂ ਦੇ ਇਸ ਸੁਭਾਅ ਤੋਂ ਹੀ ਵੱਧ ਤੋਂ ਵੱਧ ਫਾਇਦਾ ਲੈਂਦੇ ਹਾਂ। ਇਸੇ ਤਰ੍ਹਾਂ ਹੀ ਸੰਸਾਰ ਵਿਚ ਹਰ ਵਿਅਕਤੀ ਦੇ ਆਪਣੇ-ਆਪਣੇ ਸੰਸਕਾਰ ਹਨ ਸਾਨੂੰ ਉਨ੍ਹਾਂ ਤੋਂ ਫਾਇਦਾ ਲੈਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਰ ਵਿਅਕਤੀ ਆਪਣਾ ਸੁਭਾਅ ਉਦੋਂ ਹੀ ਬਦਲ ਸਕਦਾ ਹੈ ਜਦੋਂ ਉਹ ਆਪ ਸੱਚੇ ਮਨੋਂ ਕੋਸ਼ਿਸ਼ ਕਰਦਾ ਹੈ। ਅਸੀਂ ਸਿਰਫ਼ ਆਪਣੇ ਆਪ ਨੂੰ ਹੀ ਬਦਲ ਸਕਦੇ ਹਾਂ ਦੂਸਰੇ ਨੂੰ ਨਹੀਂ। ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਮੱਸਿਆਵਾਂ ਜੀਵਨ ਦਾ ਅਨਿੱਖੜਵਾਂ ਅੰਗ ਹਨ, ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਅਧਿਆਤਮਕ ਪੱਖ ਤੋਂ ਦੇਖਿਆ ਜਾਵੇ ਤਾਂ ਜੇਕਰ ਅਸੀਂ ਪਰਮਾਤਮਾ ਵਿਚ ਪੂਰਨ ਵਿਸ਼ਵਾਸ ਰੱਖਦੇ ਹਾਂ ਤਾਂ ਵੱਡੀ ਤੋਂ ਵੱਡੀ ਸਮੱਸਿਆ ਵੀ ਬਿਨਾਂ ਮਹਿਸੂਸ ਕੀਤਿਆਂ ਪਾਰ ਕਰ ਸਕਦੇ ਹਾਂ ਪਰ ਇਸ ਲਈ ਸਾਨੂੰ ਪਰਮਾਤਮਾ ਦਾ ਸਿਮਰਨ ਕਰਨਾ ਜ਼ਰੂਰੀ ਹੈ ਤਾਂ ਜੋ ਸਾਡੀ ਆਤਮਾ ਵਿਚ ਇੰਨੀ ਸ਼ਕਤੀ ਅਤੇ ਗੁਣ ਭਰ ਜਾਣ ਕਿ ਅਸੀਂ ਸਮੱਸਿਆ ਨੂੰ ਸਹਿਜ ਹੀ ਪਾਰ ਕਰ ਸਕੀਏ। ਇਸ ਲਈ ਪਰਮਾਤਮਾ ਨੂੰ ਹਮੇਸ਼ਾ ਆਪਣਾ ਸਾਥੀ ਸਮਝ ਕੇ ਹਰ ਰੋਜ਼ ਯਾਦ ਕਰੋ ਅਤੇ ਸਦਾ ਖੁਸ਼ ਰਹਿਣ ਵਿਚ ਸਫਲਤਾ ਪ੍ਰਾਪਤ ਕਰੋ।

# ਰਾਸ਼ਟਰੀ ਏਕਤਾ

ਰਾਸ਼ਟਰੀ ਏਕਤਾ ਦਾ ਮਤਲਬ ਕਿਸੇ ਰਾਸ਼ਟਰ ਦੀ ਏਕਤਾ ਤੋਂ ਹੈ। ਭਾਰਤ ਭਿੰਨਤਾਵਾਂ ਦਾ ਦੇਸ਼ ਹੈ। ਇਥੇ ਸਭ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਉਨ੍ਹਾਂ ਦੀਆਂ ਭਾਸ਼ਾਵਾਂ ਰਹਿਣ-ਸਹਿਣ, ਪ੍ਰਕਿਰਤੀ ਅਤੇ ਸੁਭਾਅ ਵੀ ਇਕ ਦੂਸਰੇ ਨਾਲੋਂ ਭਿੰਨ ਹਨ। ਪ੍ਰੰਤੂ ਇਕ ਚੀਜ਼ ਹੈ ਜੋ ਸਾਨੂੰ ਸਾਰੇ ਹਿੰਦੁਸਤਾਨੀਆਂ ਨੂੰ ਇਕ ਮਾਲਾ ਵਿਚ ਪਰੋਈ ਰੱਖਦੀ ਹੈ, ਉਹ ਹੈ ਰਾਸ਼ਟਰੀ ਏਕਤਾ। ਕਿਸੇ ਵੀ ਰਾਸ਼ਟਰ ਦੀ ਸਫਲਤਾ, ਵਿਕਾਸ ਅਤੇ ਮਾਣ ਸਨਮਾਨ ਉਨ੍ਹਾਂ ਈ ਇਸੇ ਰਾਸ਼ਟਰੀ ਏਕਤਾ ਤੇ ਨਿਰਭਰ ਕਰਦੀ ਹੈ।

ਇਸੇ ਤਰ੍ਹਾਂ ਸਾਡੇ ਹਿੰਦੁਸਤਾਨੀਆਂ ਦੇ ਵਜੂਦ ਵੀ ਇਸੇ ਰਾਸ਼ਟਰੀ ਏਕਤਾ ਤੇ ਕਾਇਮ ਹਨ। ਜਿਸ ਤਰ੍ਹਾਂ ਬਗੀਚੇ ਵਿਚ ਭਿੰਨ-ਭਿੰਨ ਪ੍ਰਕਾਰ ਦੇ ਫੁੱਲ ਫਲ ਤੇ ਸੁੰਦਰ ਦਰੱਖਤ ਹੁੰਦੇ ਹਨ ਇਸੇ ਤਰ੍ਹਾਂ ਸਾਡੇ ਦੇਸ਼ ਵਿਚ ਵੀ ਭਿੰਨ-ਭਿੰਨ ਪ੍ਰਕਾਰ ਦੇ ਲੋਕ ਅਤੇ ਉਨ੍ਹਾਂ ਦੀਆਂ ਖ਼ੂਬਸੂਰਤ ਸੰਸਕ੍ਰਿਤੀਆਂ ਮੌਜੂਦ ਹਨ। ਇਸੇ ਕਰਕੇ ਸਾਨੂੰ ਦੁਨੀਆਂ ਭਰ ਵਿਚ ਪ੍ਰਾਚੀਨ ਸੱਭਿਅਤਾ ਅਤੇ ਪਰੰਪਰਾਵਾਂ ਦਾ ਦੇਸ਼ ਕਿਹਾ ਜਾਂਦਾ ਹੈ। ਇਸ ਰਾਸ਼ਟਰੀ ਏਕਤਾ ਦੀ ਘਾਟ ਕਰਕੇ ਹੀ ਸਾਨੂੰ ਪਤਾ ਨਹੀਂ ਕਿੰਨੇ ਸਾਲਾਂ ਤੱਕ ਅੰਗਰੇਜ਼ਾਂ, ਪੁਰਤਗਾਲੀਆਂ ਅਤੇ ਫਰਾਂਸੀਸੀਆਂ ਦੀ ਗੁਲਾਮੀ ਕਰਨੀ ਪਈ। ਜਾਤੀਵਾਦ ਅਤੇ ਧਾਰਮਿਕਵਾਦ ਦਿਨ ਪ੍ਰਤੀ ਦਿਨ ਸਾਡੇ ਦੇਸ਼ ਨੂੰ ਵਿਭਿੰਨ ਹਿੱਸਿਆਂ ਵਿਚ ਵੰਡ ਰਹੀ ਹੈ। ਜਿਸ ਕਾਰਨ ਸਾਡੀ ਰਾਸ਼ਟਰੀ ਏਕਤਾ ਕਮਜ਼ੋਰ ਹੋ ਰਹੀ ਹੈ। ਇਕ ਰਾਜ ਦੇ ਅਲੱਗ-ਅਲੱਗ ਦੋ-ਦੋ ਟੁਕੜੇ ਹੁੰਦੇ ਜਾ ਰਹੇ ਹਨ। ਇਕ ਰਾਜ ਦੇ ਲੋਕ ਸਿਰਫ਼ ਆਪਣੇ ਰਾਜ ਬਾਰੇ ਹੀ ਸੋਚਦੇ ਹਨ। ਰਾਜਨੀਤਿਕ ਦਲ ਵੀ ਰਾਸ਼ਟਰੀ ਏਕਤਾ ਨੂੰ ਖੰਡਿਤ ਕਰਨ ਤੋਂ ਪਿਛੇ ਨਹੀਂ ਹਨ। ਦੇਸ਼ ਦੀ ਜਨਤਾ ਨੂੰ ਸਭ ਤੋਂ ਪਹਿਲਾ ਆਪਣੇ ਦੇਸ਼ ਬਾਰੇ ਸੋਚਣਾ ਚਾਹੀਦਾ ਹੈ ਅਤੇ ਫਿਰ ਆਪਣੇ ਰਾਜ ਤੇ ਧਰਮ ਦੇ ਬਾਰੇ ਵਿਚ। ਇਤਿਹਾਸ ਗਵਾਹ ਹੈ ਕਿ ਜਿਸ ਕਿਸੇ ਨੇ ਵੀ ਸਾਡੀ ਰਾਸ਼ਟਰੀ ਏਕਤਾ ਨੂੰ ਲਲਕਾਰਿਆ ਹੈ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਸਿੱਖਿਆ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਇਸ ਪ੍ਰਕਾਰ ਦੀ ਸਿੱਖਿਆ ਪ੍ਰਦਾਨ ਕਰਨ ਜਿਸ ਵਿਚ ਰਾਸ਼ਟਰੀ ਏਕਤਾ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਇਕ ਰਾਜ ਤੋਂ ਦੂਸਰੇ ਰਾਜ ਵਿਚ ਘੁੰਮਣ ਨਾਲ ਲੋਕਾਂ ਵਿਚ ਮੇਲ ਮਿਲਾਪ ਅਤੇ ਰਾਸ਼ਟਰੀ ਏਕਤਾ ਨੂੰ ਮਜਬੂਤੀ ਮਿਲੇਗੀ। ਅੰਤਰਜਾਤੀ ਵਿਆਹ ਨਾਲ ਵੀ ਰਾਸ਼ਟਰੀ ਏਕਤਾ ਨੂੰ ਮਹੱਤਵ ਤੇ ਸ਼ਕਤੀ ਮਿਲਦੀ ਹੈ।

ਇਸੇ ਪ੍ਰਕਾਰ ਸਾਨੂੰ ਸੋਚਣਾ ਚਾਹੀਦਾ ਹੈ ਸਾਨੂੰ ਰਾਸ਼ਟਰੀ ਏਕਤਾ ਨੂੰ ਪਹਿਲ ਦੇਣੀ ਚਾਹੀਦੀ ਹੈ।

# ਰੌਚਕ ਤੱਥ

1. ਤਿਤਲੀ ਕਿਸੇ ਚੀਜ਼ ਦਾ ਸਵਾਦ ਪੈਰਾਂ ਨਾਲ ਲੈਂਦੀ ਹੈ।
2. ਕੀੜੀਆਂ ਕਦੇ ਸੌਂਦੀਆਂ ਨਹੀਂ ਹਨ।
3. ਦੁਨੀਆਂ ਦੀ ਸਭ ਤੋਂ ਤਿੱਖੀ ਮਿਰਚ ਇੰਨੀ ਤਿੱਖੀ ਹੁੰਦੀ ਹੈ ਕਿ ਜਿਸ ਨੂੰ ਖਾਣ ਨਾਲ ਮੌਤ ਹੋ ਸਕਦੀ ਹੈ।
4. ਕਿਰਲੀ ਦਾ ਦਿਲ ਇਕ ਮਿੰਟ ਵਿਚ 1000 ਬਾਰ ਧੜਕਦਾ ਹੈ।
5. ਦੁਨੀਆਂ ਦਾ ਸਭ ਤੋਂ ਪਹਿਲਾਂ ਕੰਪਿਊਟਰ ਵਾਇਰਸ ਪਾਕਿਸਤਾਨ ਦੇ ਦੋ ਭਰਾਵਾਂ ਨੇ ਬਣਾਇਆ ਸੀ।
6. ਦੁਨੀਆਂ ਦੇ ਪਹਿਲੇ ਕੈਮਰੇ ਵਿਚ ਫੋਟੋ ਖਿਚਵਾਉਣ ਲਈ ਵਿਅਕਤੀ ਨੂੰ ਅੱਠ ਘੰਟੇ ਦਾ ਇੰਤਜ਼ਾਰ ਕਰਨਾ ਪੈਂਦਾ ਸੀ।
7. ਸ਼ਤਰੰਜ ਦੀ ਖੋਜ ਭਾਰਤ ਵਿਚ ਹੋਈ ਸੀ।
8. ਅੰਗਰੇਜ਼ੀ ਵਿਚ 1 ਤੋਂ ਲੈ ਕੇ 999 ਤੱਕ ਗਿਣਤੀ ਲਿਖਣ ਵੇਲੇ A ਕਿਸੇ ਵੀ ਸ਼ਬਦ ਵਿਚ ਨਹੀਂ ਆਉਂਦੀ।
9. ਸ਼ੁਤਰਮੁਰਗ ਦੀਆਂ ਅੱਖਾਂ ਉਸ ਦੇ ਦਿਮਾਗ਼ ਵਿਚ ਵੜੀਆਂ ਹੁੰਦੀਆਂ ਹਨ।
10. ਸਿੰਘਾਪੁਰ ਵਿਚ ਇੱਕ ਵੀ ਖੇਤ ਨਹੀਂ ਹੈ।
11. ਸਤਰੰਗੀ ਪੀਂਘ ਅਸਲ ਵਿਚ ਪੂਰੀ ਤਰ੍ਹਾਂ ਗੋਲ ਹੁੰਦੀ ਹੈ ਪਰ ਜ਼ਮੀਨ ਤੋਂ ਇਹ ਅੱਧੀ ਦਿਖਾਈ ਦਿੰਦੀ ਹੈ।
12. Exams ਦੀ ਸ਼ੁਰੂਆਤ Henry Fischel ਨੇ ਕੀਤੀ ਸੀ।
13. ਔਕਟੋਪਸ ਦੇ ਤਿੰਨ ਦਿਲ ਹੁੰਦੇ ਹਨ।
14. ਰਬੜ ਦੀ ਖੋਜ ਤੋਂ ਪਹਿਲਾਂ ਪੈਨਸਿਲ ਨੂੰ ਬਰੈੱਡ ਨਾਲ ਮਿਟਾਇਆ ਜਾਂਦਾ ਸੀ।

ਕਹਾਣੀ

# ਪਲੰਦੇ

**ਚੰਦਨ ਨੇਗੀ**

ਸੜਕ ਤੋਂ ਆਪਣੇ ਘਰ ਵੱਲ ਦੀ ਗਲੀ ਮੁੜਨ ਹੀ ਲਗਦੀ ਹਾਂ ਕਿ ਗਲੀ ਦੀ ਉਚਾਈ ਦੀ ਇਕ ਦਰਾੜ ਵਿਚ ਸੈਂਡਲ ਦੀ ਅੱਡੀ ਫਸ ਗਈ। ਮਸਾਂ-ਮਸਾਂ ਡਿਗਣੋਂ ਬਚੀ ਸਾਂ। ਉਸੀ ਵੇਲੇ ਹੀ ਸ਼ਾਇਦ ਚੁਤਰਫ਼ੀ ਹਨੇਰ-ਮ-ਨ੍ਹੇਰਾ ਪਸਰ ਗਿਆ ਸੀ। ਘਰਾਂ, ਗਲੀਆਂ, ਸੜਕਾਂ ਦੀਆਂ ਬੱਤੀਆਂ ਗੁਲ ਹੋ ਗਈਆਂ ਸਨ। ਸੜਕ ਵੱਲ ਪਿੱਛੇ ਮੁੜ ਕੇ ਵੇਖਿਆ, ਬਿਜਲੀ ਦੇ ਖੰਭੇ, ਖੰਭਿਆਂ ਨਾਲ ਬੱਝੀਆਂ ਤਾਰਾਂ, ਤਾਰਾਂ ਨਾਲ ਉਲਝੇ ਧਾਗੇ, ਲੀਰਾਂ, ਡੋਰਾਂ, ਪਤੰਗਾਂ ਚੰਨ ਦੀ ਹਲਕੀ ਹਲਕੀ ਸਲੇਟੀ ਰੰਗ ਦੀ ਚਾਂਦਨੀ ਵਿਚ ਜਿਵੇਂ ਤਾਂਡਵ ਨਾਚ ਨੱਚ ਰਹੇ ਹੋਣ। ਹਵਾ ਦੇ ਝੋਕੇ ਨਾਲ ਸੜਕ ਉੱਤੇ ਪਸਰੇ ਪ੍ਰਛਾਵੇਂ ਭੂਤੀਆ ਨਾਚ ਨੱਚਦੇ ਸਰਕਦੇ ਲਗੇ।

ਅੰਗੂਠੇ 'ਚ ਪਈ ਤਰਾਟ ਨੇ ਮੇਰੀ ਸੁਰਤ ਸੜਕ ਵੱਲੋਂ ਮੋੜੀ ਤੇ ਝੁਕ ਕੇ ਇੱਟਾਂ ਦੀ ਵਿੱਥ 'ਚੋਂ ਸੈਂਡਲ ਦੀ ਅੱਡੀ ਨੂੰ ਕਢਦੇ ਮੇਰੀ ਨਜ਼ਰ ਸਾਹਮਣੇ ਦਰਵਾਜ਼ੇ ਉੱਤੇ ਰੁਕ ਗਈ। ਲੋਹੇ ਦੀ ਗਰਿਲ ਵਾਲੇ ਵੱਡੇ ਦਰਵਾਜ਼ੇ ਦੀ ਝੀਥ ਵਿਚੋਂ ਮੈਨੂੰ ਮੇਜ਼ ਉੱਤੇ ਪਏ ਚਿੱਟੇ ਬੁੱਤ ਦੇ ਸਿਰ ਉੱਤੇ ਵਡੀ ਸਾਰੀ ਜਗਦੀ ਮੋਮਬੱਤੀ ਦਿਸੀ।

ਮੈਨੂੰ ਲਗਿਆ ਜਿਵੇਂ ਮੋਤੀਆ ਮਾਸੀ ਦੇ ਸਿਰ ਵਿਚੋਂ ਅੱਗ ਦੇ ਸ਼ੋਹਲੇ ਨਿਕਲ ਰਹੇ ਹਨ। ਜਿਵੇਂ ਉਸ ਦੇ ਅੰਦਰ ਦਬਿਆ ਜੁਆਲਾ ਮੁੱਖੀ ਫਟ ਗਿਆ ਹੋਏ। ਕਦੀ ਇਹ ਘਰ ਮਾਸੀ ਮੋਤੀਆਂ ਦਾ ਸੀ। ਉਹ ਜਦੋਂ ਬਹੁਤ ਉਦਾਸ ਹੁੰਦੀ ਸੀ ਤਾਂ ਇਸ ਬੁੱਤ ਵਾਂਗ ਇਕ ਗੋਡੇ ਦੀ ਅੱਧੀ ਚੌਕੜੀ, ਦੂਜਾ ਗੋਡਾ ਅੱਧਾ ਉੱਚਾ ਤੇ ਦੋਹੇਂ ਬਾਹਵਾਂ ਗੋਡੇ ਦੁਆਲੇ ਵਲੇਸ ਕੇ ਗੋਡੇ ਦੀ ਚਪਣੀ ਉੱਤੇ ਠੋਡੀ ਰੱਖ ਆਪਣੀ ਝੋਲੀ ਵਿਚ ਅੱਥਰੂ ਕੇਰਦੀ ਰਹਿੰਦੀ ਸੀ। ਜਾਂ ਚੁੱਲ ਕੋਲ ਬੈਠੀ ਧਰਤੀ ਉੱਤੇ ਲਕੀਰਾਂ ਵਾਹੁੰਦੀ ਰਹਿੰਦੀ।

ਮਾਸੀ ਮੋਤੀਆ ਦਾ ਇਹ ਘਰ- ਉਹਦੋਂ ਕੱਚਾ ਕਮਰਾ ਸੀ। ਜਿਸ ਦੀ ਛੱਤ ਦੀਆਂ ਦੋ ਬਲੀਆਂ ਹੇਠਾਂ ਲਮਕੀਆਂ ਕੰਧ ਨਾਲ ਢੋਅ ਲਗਾਈ ਥੱਕੀਆਂ-ਹਾਰੀਆਂ ਖਲੋਤੀਆਂ ਸਨ। ਝੱਖੜਾਂ ਮੀਂਹਾਂ ਵਿਚ ਸੁੱਕੇ ਗੋਹੇ ਸੰਭਾਲਦੀ ਉਹ ਡਰਦੀ ਵੀ ਕਿ ਕਿਸੀ ਦਿਨ ਇਹਨਾਂ ਲਮਕਦੀਆਂ ਬਲੀਆਂ ਹੇਠਾਂ ਉਹ ਆਪ ਹੀ ਸੰਭਾਲੀ ਜਾਏਗੀ। ਇਸੇ ਟੁੱਟੀ ਛੱਤ ਦੀ ਇਕ ਨੁੱਕਰ ਵਿਚ ਉਹ ਆਪਣੇ ਤਨ ਉੱਤੇ ਪਈਆਂ ਸੋਟੀਆਂ, ਮੁੱਕਿਆਂ, ਬੂਟਾਂ ਦੀਆਂ ਲਾਸਾਂ ਨੂੰ ਵੇਖਦੀ ਅਰਦਾਸਾਂ ਕਰਦੀ ਸੀ- "ਹੇ ਰੱਬਾ! ਮਿਘੀ ਸਾਂਭੀ ਲੈ....ਹਿੱਸ ਜੀਣੈ ਕੋਲਾ ਤੇ ਮਰਣਾ ਚੰਗਾ-ਮਾਰਾਂ ਖਾਈ-ਖਾਈ ਹੁੱਟੀ ਹੰਭੀ ਗੇਈ ਆਂ..." ਤੇ ਵਿਹੜੇ ਵਿਚੋਂ ਆਪਣੇ ਆਦਮੀ ਦੀ ਗਰਜ ਸੁਣ—

"ਹੇ ਮੋਤੋ ਸ਼ੜੋਤੋ-ਕੁੱਸ ਨੀ ਬੁਕਲੇ 'ਚ ਵੜੀ ਗੇਈ ਏਂ...ਕੌਣ ਨੁ ਤੈਂਡੇ ਯਾਰ ਅੰਦਰ....? ਠੰਡੀ ਨਾ ਹੋਈ ਹਾਲੇਂ....ਸੇਕਾਂ ਤੈਂਡੀਆਂ ਹਡੀਆਂ ਹੋਰ...."

ਉਹ ਚੁੰਨੀ ਦੀ ਚੂਕ ਨਾਲ ਨੱਕ ਪੂੰਝਦੀ, ਅੱਖਾਂ ਮਲਦੀ, ਟੁੱਟੇ-ਭੱਜੇ ਕਮਰੇ ਵਿਚੋਂ ਬਾਹਰ ਨਿਕਲ ਆਉਂਦੀ-

"ਹੇ ਕੈਅ....? ਕੇਹ ਆ ਮੱਖਾਂ?"

'ਰੋਟੀ ਕੋਈ ਤੈਂਡਾ ਯਾਰ ਬਣਾਸੀ....? ਛਾਬਾ ਵੀ ਨੀ ਲਗਿਆ ਹਾਲੇ?"

"ਕਿਹੜੇ ਨੂ ਮੈਂਡੇ ਯਾਰ ..... ਮੱਖਾਂ ..... ਐਵੇਂ ਹੀ, ਅੱਠੇ ਪਹਿਰ ਗਲੀ-ਗਲੀ ਦੀ ਖੇਹ ਤਾਂ ਆਪੂੰ.....ਤੁਸ.....?"

"ਦਸਾਂ ਤੁਗੀ...ਕੁਤਰਾਂ ਤੈਡੀ ਗਿੱਠ ਲੰਮੀ ਜ਼ਬਾਨ...ਬਹੁੰ ਚੱਤਰ-ਚੱਤਰ ਕਰਨੀ ਐਂ"

****

ਉਸ ਦੀ ਮਾਂ ਨੇ ਬੱਚੀ ਦਾ ਨਾਂ ਮੋਤੀਆ ਰੱਖਿਆ ਸੀ। ਖੌਰੇ! ਮਾਂ ਨੂੰ ਮੋਤੀਏ ਦੇ ਫੁੱਲ ਪਸੰਦ ਸਨ ਜਾਂ ਮੋਤੀਏ ਦੇ ਤਰੇਲ ਧੋਤੇ ਫੁੱਲਾਂ ਵਾਂਗ ਸਾਫ਼ ਚਿੱਟਾ ਸੀ ਉਸ ਦਾ ਰੰਗ। ਛੋਟਾ ਕੱਦ, ਭਰਵਾਂ ਜਿਸਮ, ਗਿਟਕੀ ਜਿਹੀ ਲੀਰਾਂ ਵਿਚ ਵੀ ਫੱਬਦੀ ਤੇ ਉਸ ਦੇ ਘਰ ਵਾਲਾ ਮਿਲਖੀ ਲੰਮਾ-ਪਤਲਾ-ਸੁਕੜੂ ਸਾਂਵਲਾ ਲੰਬੂਤਰਾ ਚਿਹਰਾ, ਭੈਂਗੀ ਸੱਜੀ ਅੱਖ, ਉਘੜ-ਦੁੱਗੜੀ ਦਾਹੜੀ, ਗਿੱਟਿਆਂ ਤੋਂ ਉੱਚੀ ਸੁਥਣ, ਗੋਢਿਆਂ ਤੀਕ ਲੰਮੀ ਕਮੀਜ਼, ਗਜ਼ ਲੰਮਾ ਪੱਗ ਦਾ ਲੜ ਸੱਜੇ ਮੋਢੇ ਤੋਂ ਅੱਗੇ ਸੁੱਟ ਗਲੀ-ਗਲੀ, ਬਜ਼ਾਰ ਹੋਕੇ ਮਾਰਦਾ। ਉਸ ਦੀ ਪੱਗ ਦੇ ਲੜ ਦੀ ਕੰਨੀ ਕਾਲੀ ਸਿਆਹ ਹੋਈ ਹੁੰਦੀ। ਉਹ ਹੱਥ, ਨੱਕ, ਮੂੰਹ, ਪਸੀਨਾ ਇਸੀ ਲੜ ਦੀ ਕੰਨੀ ਨਾਲ ਪੂੰਝ ਛਡਦਾ।

ਮੋਤੀਆ ਮਾਸੀ ਆਪਣੀ ਬਦਕਿਸਮਤੀ ਦਾ ਰੋਣਾ ਕਿਸ ਅੱਗੇ ਰੋਂਦੀ? ਉਸ ਦੀ ਮਾਂ ਵੀ ਮਰ ਗਈ ਸੀ ਤੇ ਪਿਉ ਦੀ ਲਾਸ਼ ਵੀ ਕੁੱਤਿਆਂ ਗਿੱਧਾਂ ਨੇ ਖਾਧੀ ਹੋਣੀ ਏ। ਦਸਾਂ ਬੰਦਿਆਂ ਜੋਗਾ ਇਕੋ ਹੀ ਕਾਫ਼ੀ ਸੀ ਉਸ ਦਾ ਪਿਉ ਤੇ ਹਾਏ! ਆਪਣੀਆਂ ਧੀਆਂ ਨੂੰ ਬਚਾਉਂਦਾ ਕਿਵੇਂ ਬਰਛਿਆਂ ਨਾਲ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਕੋਹਿਆ ਗਿਆ ਸੀ। ਅਜ਼ਾਦੀ ਦੀ ਵਾਹੀ ਲਕੀਰ ਦੇ ਪਾਰਲੇ ਪਾਸਿਓਂ ਆਪਣੀ ਧਰਤੀ ਉੱਤੇ ਹੀ ਲਾਸ਼ਾਂ ਦੇ ਢੇਰ ਲੱਗੇ ਸਨ। ਮਾਂ ਨੇ ਕੈਂਪਾਂ ਵਿਚ ਰੁਲਦੇ ਹੀ ਦੋਹੇਂ ਧੀਆਂ ਪਰਾਈਆਂ ਕਰਕੇ ਸੁਰਖ਼ਰੂ ਹੋ ਗਈ ਸੀ। ਉਹਦੋਂ ਸਾਰੇ ਤਾਂ ਲੁੱਟੇ-ਪੁੱਟੇ, ਨਾ ਘਰ, ਨਾ ਘਾਟ, ਨਾ ਕੁੱਲੀ ਨਾ ਜੁੱਲੀ। ਇਕੋ ਤਸੱਲੀ ਸੀ ਮਾਂ ਨੂੰ ਦੋਹਾਂ ਧੀਆਂ ਦੇ ਹੱਥ ਇੱਜ਼ਤ ਨਾਲ ਪੀਲੇ ਹੋ ਗਏ ਸਨ। ਸਾਰੇ ਹੀ ਤਾਂ ਡਾਵਾਂਡੋਲ ਸਨ, ਨਿਘਰੇ-ਨਿਆਸਰੇ, ਮੋਇਆਂ ਤੇ ਵਿਛੜੇ ਹੋਇਆਂ ਦੇ ਗ਼ਮ ਵਿਚ ਰਾਤ-ਦਿਨ ਧਕੇਲ ਛਡਦੇ। ਆਪਣੇ ਘਰ ਮੋਤੀਆਂ ਲਈ ਚੰਗੇ-ਚੰਗੇ ਰਿਸ਼ਤੇ ਵੀ ਉਸ ਦੇ ਪਿਉ ਦੇ ਨੱਕ ਹੇਠਾਂ ਨਹੀਂ ਸੀ ਆਉਂਦੇ। ਆਪਣੇ ਘਰ ਮਿਲਖੀ ਦਾ ਸੱਤਾਂ ਪਿੰਡਾਂ ਵਿਚ ਕਿਧਰੇ ਰਿਸ਼ਤਾ ਨਹੀਂ ਸੀ ਹੁੰਦਾ।

ਗਲੀ ਦੇ ਵੱਡੇ ਬੂਹੇ ਕੋਲ ਹੀ ਮਿਲਖੀ ਛਾਬਾ ਰੱਖਦਾ ਸੀ। ਮਿਲਖੀ ਨਹਾਂਦਾ-ਮੋਤੀਆ ਛਾਬੇ ਦਾ ਸਾਮਾਨ ਤਿਆਰ ਕਰਦੀ। ਮਿਲਖੀ

ਗਨੇਰੀਆਂ ਕਟਦਾ, ਮੋਤੀਆਂ ਗੰਨੇ ਛਿਲਦੀ ਤੇ ਬੂਹੇ ਤੋਂ ਹੀ ਹੇਕਾਂ ਲਗਾਂਦਾ "ਚੂਪ ਲੈ....ਚੂਪ ਲੈ....ਠੰਡੀਆਂ ਠਾਰ ਨੂ ਗਨੇਰੀਆਂ"। ਕਦੀ ਉਹ ਛਾਬੇ ਲਈ ਮੱਠੀਆਂ ਤਲਦੀ ਕਦੇ ਗੁੜ ਦੇ ਸ਼ਕਰ-ਪਾਰੇ ਬਣਾਂਦੀ ਤੇ ਕਦੇ ਖੰਡ ਦਾ ਕੜਾਹ। ਕੜਾਹ ਦੀ ਬੂਣੀ ਲਈ ਉਹ ਨਾਲ ਦੇ ਘਰੋਂ ਬਾਊ ਜੀ ਦੀ ਨਿੱਕੀ ਕੁੜੀ ਨੂੰ ਬੁਲਾਂਦਾ ਤੇ ਟਕੇ ਦੀ ਪਲੇਟ ਭਰ ਕੇ ਕੜਾਹ ਦੀ ਦੇਂਦਾ-"ਹਿਸ ਮਰਨੇ ਜੋਗੀ ਨੀ ਬੂਣੀ ਬੜੀ ਭਾਗੇਂ ਆਲੀ ਏ....ਮਰੀ ਖੱਡੂ ਦਾ ਕੜਾਹ ਖਾਨੀ ਏ....ਐ ਦੇਖ ਹੁਣੇ ਵਾਪਸ ਆਇਆ" ਉਹ ਚੁਟਕੀ ਵਜਾ ਕੇ ਕਹਿੰਦਾ।

"ਖਡੂ ਦਾ ਕੜਾਹ ਹੀ ਫਿਰ ਬਣਾ ਘਿਤਾ ਕਰ ਨਾ....." ਮਾਸੀ ਮੋਤੀਆਂ ਮੁਸਕ੍ਰਾਂਦੀ ਕਹਿੰਦੀ। ਨਿੱਕੀ ਕੁੜੀ ਲਾਲੀ ਗਰਮ ਗਰਮ ਕੜਾਹ ਖਾਂਦੀ ਮੋਤੀਆ ਦੇ ਕੰਨ ਵਿਚ ਸਰਗੋਸ਼ੀ ਕਰਦੀ "ਮਾਸੀ ਮੋਤੀਆ....ਮਨੂੰ ਤੇਰਾ ਮਾਸੜ ਨ੍ਹੀ ਹਛਾ ਲਗਦਾ...ਲੰਮ-ਸ-ਲੰਮਾ, ਕਾਲਾ, ਭੈਂਗਾ"

"ਬਹੁ ਚੱਤੇ ਨਾ ਕਰਿਆ ਕਰ..." ਉਹ ਮੁੱਸ ਮੁੱਸ ਕਰਦੀ ਚਪੇੜ ਉਗਰਾਂਦੀ। "ਭੈਣ ਰਾਮ, ਵੇਖ ਕੇਹ ਆਖਨੀ ਪਈ ਐ?"

"ਸੱਚ! ਮਾਸੀ....ਤੂੰ ਇਸ ਨਾਲ ਕਾਜ ਕਿਉਂ ਕੀਤੇ....? ਮੈਂ ਹੋਵਾਂ ਦੌੜ ਕੇ ਝਾਈ ਕੋਲ ਆ ਜਾਵਾਂ....." ਤੇ ਮੋਤੀਆ ਠੰਡਾ ਸਾਹ ਭਰ ਲੈਂਦੀ ਸੀ। "ਤੈਨੂੰ ਮਾਰਦੈ ਨਾ ਬਹੁਤ ਗੰਦੈ" ਮੈਂ ਉਸ ਨੂੰ ਸੋਟੀ ਮਾਰਸਾਂ"

ਮਾਸੀ ਮੋਤੀਆ ਦਾ ਸਾਡੇ ਘਰ ਆਣਾ-ਜਾਣ ਵਧ ਗਿਆ। ਵਿਹਲੀ ਹੁੰਦੀ ਤਾਂ 'ਸ਼ੜਪ' ਕਰਦੀ ਅੰਦਰ ਆ ਵੜਦੀ "ਤੈਂਡਾ ਤਾਂ ਕੰਮ ਹੀ ਨ੍ਹੀ ਮੁਕਦਾ ਭੈਣ-ਲਿਆ ਮੈਂ ਕਰਾਵਾਂ" ਤੇ ਉਹ ਮੇਰੀ ਮਾਂ ਦੇ ਨਿੱਕੇ ਨਿੱਕੇ ਕੰਮ ਸੁਆਰ ਦੇਂਦੀ। ਆਪਣਾ ਦੁਖ-ਸੁਖ ਫਰੋਲਦੀ ਰਹਿੰਦੀ।

ਹੱਥ ਵਿਚ ਬਸਤਾ ਫੜੀ ਸਕੂਲ ਜਾਂਦੇ ਮੈਂ ਲਾਲੀ ਖੌਰੇ! ਕਿਉਂ ਮਾਸੀ ਮੋਤੀਆ ਦੇ ਵਿਹੜੇ ਵੱਲ ਝਾਤ ਮਾਰਦੀ ਸਾਂ। ਚੁੱਲ੍ਹੇ ਦੇ ਕੋਲ ਪੀੜੀ ਉੱਤੇ ਬੈਠੀ ਗਿੱਲੀਆਂ ਲੱਕੜਾਂ ਨੂੰ ਫੂਕਾਂ ਮਾਰ-ਮਾਰ ਮਾਸੀ ਮੋਤੀਆ ਫਾਵੀ ਹੋ ਜਾਂਦੀ ਸੀ। ਕੱਚੇ ਵਿਹੜੇ! ਲਿੰਬ ਪੋਚ ਬੂਹੇ ਦੇ ਇਕ ਪਾਸੇ ਉਸ ਗਲੋਅ ਦੀ ਵੇਲ ਲਗਾਈ ਸੀ। ਗਲੋਅ ਦੇ ਕੂਲੇ-ਕੂਲੇ ਚੌੜੇ ਰੇਸ਼ਮੀ ਸਾਵੇ ਪੱਤੇ ਉਸ ਨੂੰ ਬੜੇ ਚੰਗੇ ਲਗਦੇ ਸਨ। ਤੀਲਿਆਂ ਦੀ ਛੱਤ ਉੱਤੇ ਫੈਲੀ ਗਲੋਅ ਦੀ ਛਾਂ ਹੇਠਾਂ ਮਿਲਖੀ-ਮੋਤੀਆ ਬੈਠਦੇ ਸਨ। ਕਿਸੀ ਆਖਿਆ ਸੀ "ਹਿਸਾਂ ਉਖਾੜੀ ਛੋੜ-ਆਖਨੇ ਨੁ ਘਰੇ 'ਚ ਗਲੋਅ ਨਹਿਸ਼ ਹੋਨੀ ਐ....ਜੇ ਨਾ ਫਲੇ ਤਾਂ ਘਰੇ ਆਂ ਉਜਾੜੀ ਪੁਜਾੜੀ ਛੋੜਨੀ ਐ....."। ਮਾਸੀ ਮੋਤੀਆ ਨੇ ਗਲੋਅ ਨਹੀਂ ਸੀ ਉਖਾੜੀ।

ਬੂਹੇ ਦੇ ਦੂਜੇ ਪਾਸੇ ਉਸ ਅੰਗੂਰਾਂ ਦੀ ਵੇਲ ਲਗਾਈ ਸੀ। ਲਵੀਆਂ-ਲਵੀਆਂ ਫੁਟਦੀਆਂ ਅੰਗੂਰਾਂ ਦੀ ਵੇਲ ਦੀਆਂ ਕਰੂੰਬਲਾਂ ਨੂੰ ਉਸ ਦਾ ਘਰ ਵਾਲਾ ਰੱਸੀਆਂ ਨਾਲ ਬੰਨ ਦੇਂਦਾ। ਉਸ ਨੂੰ ਖਿੱਝ ਤਾਂ ਬਹੁਤ ਆਉਂਦੀ ਪਰ ਬੋਲ ਨਾ ਸਕਦੀ। ਮਿਲਖੀ ਸਾਮਾਨ ਵੇਚ ਕੇ ਆਉਂਦੇ ਹੀ ਖਾਲੀ ਛਾਬਾ ਇਥੇ ਹੀ ਬੂਹੇ ਨਾਲ ਲਾ ਕੇ ਰੱਖਦਾ, ਕਮੀਜ਼ ਪਰ੍ਹਾਂ ਵਗਾਹ ਕੇ ਖਟੋਲੇ ਉੱਤੇ ਗਲੋਅ ਦੀ ਛਾਂ ਵਿਚ ਬੈਠ ਜਾਂਦਾ "ਉਫ਼! ਕਹਿਰੇ ਦੀ ਗਰਮੀ ਐ....ਆਪਣੇ ਪਾਸੇ ਤਾਂ ਹਿੰਨੀ ਗਰਮੀ ਨਾ ਹੋਨੀ ਆਹੀ....। ਮੋਤੀਆ, ਆਈਂ-ਜ਼ਰਾ ਮਲੇਂ ਨਾ ਕੰਡੀ ਆ ਚਿੰਣਗਾਂ ਮਾਰਨੀ ਐ ਹੇ ਸੜੀ ਪਿੱਤ...." ਤੇ ਮੋਤੀਆ ਹੱਥਲੇ ਸਾਰੇ ਕੰਮ ਛੱਡ ਕੇ ਉਸ ਦੀ ਕੰਡ ਦੇ ਪਿੱਛੇ ਬੈਠ ਇਕ ਹੱਥ ਨਾਲ ਉਸ ਨੂੰ ਪੱਖੀ ਝੱਲਦੀ ਤੇ ਦੂਜੇ ਨਾਲ ਮਿਲਖੀ ਦੀ ਪਿੱਠ ਮਲਦੀ— "ਹੱਥ ਦੁਖਨੇ ਨੁ ਮੱਖਾਂ....ਰੋਟੀਆਂ ਤਾਂ ਛੇ-ਛੇ ਡਫਨੀ ਏ.... ਜ਼ਰਾ ਜ਼ੋਰੇਂ ਨਾਲ ਮਲ ਨਾ।"

ਇਕ ਸਵੇਰ ਸਕੂਲ ਜਾਂਦੇ ਮੈਂ ਰੋਜ਼ ਵਾਂਗ ਮਾਸੀ ਮੋਤੀਆ ਦੇ ਵਿਹੜੇ ਵੱਲ ਤਕਿਆ। ਮਿਲਖੀ ਕੁਹਾੜੀ ਨਾਲ ਲੱਕੜਾਂ ਕੱਟ ਰਿਹਾ ਸੀ। ਮਾਸੀ ਮੋਤੀਆ ਦੀ ਅਵਾਜ਼ ਸੀ- "ਮੱਖੇ ਕੇਹ ਸਲੂਣਾ ਬਣਾਵਾਂ....? ਮਿਘੀ ਸਲੂਣੇ ਆਸਤੈ ਪੈਸੇ ਦੇਈ ਵੰਝਣਾ....ਮੈਂਡੇ ਕੋਲ ਕੱਖ ਨ੍ਹੀਂ—"

"ਇਸ ਹਰਾਮਜ਼ਾਦੀ ਨੂੰ ਦਿਹੁੰ ਚੜ੍ਹਦੇ ਹੀ ਢਿਡੇ ਆਂ ਫੂਕਣੇ ਨੀ ਪਈ ਜਾਨੀ ਏ...ਛਾਬਾ ਨੀ ਲਾਇਆ....ਬੂਣੀ ਨ੍ਹੀ ਕੀਤੀ-ਕੁੱਤੀ ਕੁਸੈ ਪਾਸੇ ਨੀ...." ਤੇ ਲੱਕੜਾਂ ਕਟਦੇ ਵਗਾਹ ਕੇ ਟੋਕਾ ਸੁੱਟਿਆ ਸੀ ਮਿਲਖੀ ਨੇ ਮਾਸੀ ਮੋਤੀਆ ਉੱਤੇ, "ਹਾਂ, ਘਿੰਨ ਹੱਛੀ ਤਰ੍ਹਾਂ ਪੈਸੇ ਸਲੂਣੇ ਆਸਤੈ...." ਤੇ ਟੋਕੇ ਨਾਲ ਮਾਸੀ ਦੇ ਮੱਥੇ ਤੋਂ ਮਾਸ ਇੰਜ ਉਤਰਿਆ ਜਿਵੇਂ ਪੁਰਾਣੀ ਕੰਧ ਤੋਂ ਖਰੇਪੜ ਲੱਥਾ ਹੋਏ। ਮਾਸੀ ਨੇ ਮੱਥੇ ਉੱਤੇ ਹੱਥ ਰਖ ਸਿਰਫ 'ਸੀ ਅ ਅ' ਕੀਤਾ ਸੀ। ਮੈਂ ਬਸਤਾ ਡਿਓਢੀ ਵਿਚ ਹੀ ਸੁੱਟ ਮਾਸੀ ਨੂੰ ਧਰੀਕਦੀ ਸਾਹਮਣੇ ਸੜਕ ਦੇ ਪਾਰ ਡਾਕਟਰ ਨੰਦ ਲਾਲ ਕੋਲ ਲੈ ਗਈ ਸਾਂ। ਸਾਰੇ ਰਸਤੇ ਲਹੂ ਦੀ ਇਕ ਲਕੀਰ ਜਿਹੀ ਸੜਕ ਉੱਤੇ ਪੈ ਗਈ ਸੀ। ਹਫ਼ਦੇ ਹਫ਼ਦੇ ਮਾਸੀ ਨੇ ਕਿਹਾ ਸੀ "ਬੂਹੇ ਕੋਲ ਡਿੱਗ ਪਈ ਆਂ— ਤੇ ਕੁੰਡੀ ਸਿਰ ਵਿਚ ਲਗ ਗਈ ਏ" ਮੈਂ ਹੈਰਾਨ ਪਰੇਸ਼ਾਨ ਮਾਸੀ ਦਾ ਚਿਹਰਾ ਹੀ ਨਿਹਾਰਦੀ ਰਹੀ। "ਲਾਲੀ, ਝਾਈ ਨੂੰ ਜਾ ਕੇ ਨਾ ਕਹੀਂ ਚੰਗੀ ਬੱਚੀ ਏਂ ਨਾ ਤੂੰ ਮੇਰੀ- ਜਾ ਸਕੂਲ ਵੰਝ— ਦੇਰ ਹੋ ਵੈਸੀਆ...."

ਮੈਂ ਰੌਣ ਹਾਕੀ ਜਿਹੀ ਹੋ ਗਈ ਸਾਂ "ਮਾਸੀ ਜਦੋਂ ਤੈਨੂੰ ਮਾਸੜ ਮਾਰਦੈ ਨਾ— ਮੇਰਾ ਦਿਲ ਕਰਦੈ ਉਸ ਦਾ ਛਾਬਾ ਟੰਗ ਮਾਰ ਕੇ ਪਰ੍ਹਾਂ ਸੁਟ ਦੇਵਾਂ— ਤੇ ਲੰਮੀ ਬੋਦੀ ਛਿਕ ਕੇ ਦੌੜ ਜਾਵਾਂ"

ਮਾਸੀ ਨੇ ਮੈਨੂੰ ਹਿਕ ਨਾਲ ਚਮੋੜ ਲਿਤਾ ਸੀ "ਹਿੰਝ ਨਾ ਆਖਿਆ ਕਰ ਲਾਲੀ....ਕੇ ਪਤਾ ਹੋਂਦੇ ਨਸੀਬੇਂ ਦਾ— ਮੱਖ, ਕਰਮਾਂ ਦੀ ਖੇਡ....ਆਖਣੇ ਨ ਨਾ ਧੀਆਂ ਦੇ ਦੋ ਜਨਮ ਹੋਣੇ ਨ— ਮੈਂਡਾ ਨੱਕ ਵੀ ਕਦੇ ਬੜਾ ਉੱਚਾ ਆਇਆ...." ਤੇ ਉਸ ਦੀਆਂ ਅੱਖਾਂ ਦਾ ਹੜ ਥੰਮਿਆ ਨਾ ਜਾਂਦਾ "ਚਲ, ਮੱਖਾਂ ਜਾ ਸਕੂਲੇ ਆਂ...."

ਮੱਖਾਂ! ਉਹ ਕਿਹੜੇ ਅੰਦਾਜ਼ ਨਾਲ ਕਹਿੰਦੀ ਸੀ? ਉਸ ਦੇ ਹੋਂਠ ਭਰ ਜਿਹੇ ਜਾਂਦੇ, ਭਰੇ ਭਰਾਏ ਹੋਠਾਂ ਨਾਲ ਮੁਸਕਰਾਉਂਦੀ ਹੋਰ ਸੋਹਣੀ ਲਗਦੀ। ਮੱਖਾ! ਕਹਿੰਦੇ ਉਸ ਦੀਆਂ ਨਾਸਾਂ ਵੀ ਫੁਲ ਜਾਂਦੀਆਂ। ਮਿਲਖੀ ਤਾਂ ਉਸ ਨੂੰ ਕਦੀ ਬੂਹੇ ਵਿਚ ਵੀ ਨਹੀਂ ਸੀ ਖਲੋਣ ਦੇਂਦਾ "ਬੂਹੇ 'ਚ ਖੜੋਈ ਕੈ ਹਸਨੀ ਏਂ— ਹੈਂ.....ਕੁਸ ਕੀ ਦਸਣੇ ਨੂ ਇਹ ਚਪੜਖੇ ਦੰਦ.....? ਭੰਨੀ ਨਾ ਛੋੜੇ ਤਾਂ ਕੁਸ ਆਖਣਾ ਮਿਘੀ ਮਿਲਖੀ.....ਅੱਗੇ ਲੋਕ ਆਖਣੇ ਨੁ ਲਗੇਨ ਤੁਗੀ ਮੋਤੀ....ਜੇ ਮੈਂਡੇ ਘਰੇ ਆਲੀ ਨਾ ਦਿਸ ਨੀ ਰੰਡ ਕੁੱਸੈ ਪਾਸੇ ਦੀ...."

ਹਰ ਵੇਲੇ ਸ਼ਕ ਕਰਦਾ ਰਹਿੰਦਾ ਮਿਲਖੀ, ਕਿਸੀ ਨਾਲ ਗੱਲ ਕਰਦੀ ਤਾਂ ਗਾਹਲਾਂ, ਕਿਸੀ ਆਂਢੀ-ਗੁਆਂਢੀ ਦੇ ਘਰ ਬੈਠ ਜਾਂਦੀ ਤਾਂ ਮਾਰ....। ਲਾਲੀ ਦੀ ਮਾਂ ਨਾਲ ਹੀ ਸਾਥ ਸੀ....। ਮੋਤੀਆ ਵਿਚਾਰੀ ਨੂੰ ਕਦੇ ਨਵਾਂ ਕਪੜਾ ਤਾਂ ਜੁੜਿਆ ਹੀ ਨਹੀਂ ਸੀ ਜੇ ਕਿਧਰੇ ਛੀਟ ਦਾ ਧੋਤਾ ਸਾਫ਼ ਕਪੜਾ ਪਾ ਲਏ ਤਾਂ ਸ਼ਾਮਤ ਆ ਜਾਂਦੀ— "ਕਿਹੜੇ ਯਾਰੇਂ ਕੀ ਦਸਣਾ ਈ ਬਣ-ਠਣ ਬੋਹਦੀ ਹੈ.....ਕੰਜਰੀ ਕੁੱਸੈ ਪਾਸੇ ਨੀ...."

ਉਫ਼ ! ਉਹਦੋਂ ਮਲਮਲ ਦੀ ਚੁੰਨੀ ਨੂੰ ਖੂੰਗੀ ਲਗੀ ਤਾਂ ਕਿਤਨੀ ਮਾਰ ਪਈ ਸੀ ਉਸਨੂੰ —"ਹਿਸ ਹਰਾਮਣ ਗੀ ਕੇਹ ਕੋਈ ਕਪੜਾ ਆਣੀ ਦੇਏ....ਸ਼ਈ ਨਾ ਪਾਣਾ ਨ੍ਹੀ ਆਂਦਾ— ਸ਼ਈ ਨਾ ਲਾਣਾ ਨ੍ਹੀ ਆਂਦਾ....ਨਵੀਂ ਚੁੰਨੀ ਫਾੜੀ ਛੋੜੀਸ...ਕਮਾਣ ਆਲੇ ਕੀ ਪਤਾ ਲਗਨੈ ਨਾ-ਘਿੰਝ ਹੋਂਦੀ ਏ ਕਮਾਈ" ਤੇ ਉਸ ਛਾਬੇ ਵਿਚੋਂ ਸੇਰ ਦਾ ਵੱਟਾ ਚੁੱਕ ਉਸ ਦੇ ਸਿਰ ਵੱਲ ਵਗਾਹ ਮਾਰਿਆ ਸੀ। ਜੇ ਉਹ ਅਗੇ ਹੱਥ ਦੇ ਕੇ ਰੋਕਦੀ ਨਾ ਤਾਂ ਉਸ ਦਾ ਸਿਰ ਹੀ ਫਟ ਜਾਂਦਾ। ਉਹ ਰੋਂਦੀ-ਰੋਂਦੀ ਤਲੀ ਦਬਾਂਦੀ ਲਾਲੀ ਦੀ ਮਾਂ ਕੋਲ ਆ ਬੈਠੀ ਸੀ ਤੇ ਸੇਰ ਦੇ ਲੋਹੇ ਦੇ ਵੱਟੇ ਨਾਲ ਕੋਠੜੀ ਦੀ ਕੱਚੀ ਜ਼ਮੀਨ ਉੱਤੇ ਡੂੰਘਾ ਟੋਇਆ ਪੈ ਗਿਆ ਸੀ।

ਕੋਠੜੀ-ਵਿਹੜਾ ਲੰਘ ਕੇ ਅੰਦਰ ਇਕ ਕੋਠੜੀ ਸੀ ਲੰਮ-ਸ-ਲੰਮਾ ਇਕੋ ਕਮਰਾ, ਸਾਫ਼ ਸੁਧਰਾ ਮਿੱਟੀ ਨਾਲ ਪੋਚਿਆ ਹੋਇਆ। ਹਨ੍ਹੇਰਾ-ਹਨ੍ਹੇਰਾ, ਸਾਹਮਣੇ ਕਾਨਸ ਉੱਤੇ ਲਾਲ-ਪੀਲੇ ਕਢੇ ਹੋਏ ਫੁੱਲਾਂ ਵਾਲੇ ਕਪੜੇ ਉੱਤੇ ਕੱਚ ਦੇ ਗਿਲਾਸ, ਪਲੇਟਾਂ, ਕਟੋਰੀਆਂ ਸਜੀਆਂ ਹੋਈਆਂ। ਇਕ ਨੁੱਕਰ ਵਿਚ ਚਿੱਟੇ ਕੱਪੜਿਆਂ ਨਾਲ ਢਕੇ ਦੋ ਤਿੰਨ ਪੁਰਾਣੇ ਟਰੰਕ, ਛੱਤ ਨਾਲ ਦੋ ਰੱਸੀਆਂ ਦੀ ਜਕੜ ਨਾਲ ਲਟਕਦਾ ਡੰਡਾ ਤੇ ਡੰਡੇ ਉੱਤੇ ਰਖੀਆਂ ਰਜ਼ਾਈਆਂ, ਤੁਲਾਈਆਂ, ਖੇਸ, ਦਰੀਆਂ। ਕੋਠੜੀ ਵਿਚ ਤਿੰਨ ਮੰਜੀਆਂ, ਦੋ ਜੁੜੀਆਂ ਹੋਈਆਂ ਤੇ ਇਕ ਜ਼ਰਾ ਪਰ੍ਹੇ ਉਸ ਦੀ ਸੱਸ ਦੀ ਮੰਜੀ ਸੀ। ਸੱਸ ਤਾਂ ਕਈ ਵਾਰ ਬੱਚੇ ਦਾ ਮਿਹਣਾ ਮਾਰ ਚੁੱਕੀ ਸੀ।

"ਹੋਰ ਦੇਖ ਲੈਨੀਆਂ ਥੋੜ੍ਹਾ ਚਿਰ....ਆਪਣੇ ਮਿਲਖੀ ਦਾ ਦੂਜਾ ਕਾਜ ਕਰਾਈ ਛੋੜਸਾਂ....ਹਿਕ ਉਹ ਕਾਲ ਕਲੂਟ...ਧੰਨੀ ਕੁੜੀਆਂ ਦੀ ਜੰਮਦੀ ਵੈਂਦੀ ਏ ਰੰਡਾਂ....ਹਰ ਸਾਲ ਪੱਥਰ ਮਾਰਦੀ ਏ....ਮੈਂਡੇ ਸਿਰ ਚ....ਹੇ ਹਿਕ ਏ ਹੱਟੀ ਕੱਟੀ ਇਸੀ ਮੋਤੜੀ ਪਈ ਏ....ਸੁਕੜ....ਮਾਂ ਨੇ ਸਾਡੇ ਗੱਲ ਮੜ੍ਹੀ ਦਿੱਤੀ ਏ— ਕੋਈ ਨਾਂ ਭੀ ਨਾ ਲੈਸੀ ਮੈਂਡੇ ਪੁੱਤਰ ਨਾ....ਕੁਲ ਤੇ ਨਾ ਨਾ ਡੋਬਣੀ। ਕੋਈ ਵਾਰਸ ਤੇ ਹੋਏ"

ਮੋਤੀਆ ਦੀ ਸੱਸ ਨੇ ਪੀਰ-ਫਕੀਰ, ਡਾਕਟਰ, ਨਰਸਾਂ, ਦਾਈਆਂ, ਧਾਗੇ-ਤਵੀਤ, ਝਾੜੇ-ਫੂਕੇ ਕੋਈ ਵੀ ਤਾਂ ਦਰ ਨਹੀਂ ਸੀ ਛੱਡਿਆ। ਮੋਤੀਆ ਜਾਣਦੀ-ਬੁਝਦੀ ਵੀ ਜ਼ਬਾਨ ਨਾ ਖੋਹਲ ਸਕੀ "ਆਪਣੇ ਪੁੱਤਰੇ ਆਂ ਬੀ ਡਾਕਟਰੇ ਗੀ ਦਸੀ ਲੈ। ਪੁੱਤਰ ਬਾਰੇ ਸ਼ੱਕ ਹੁੰਦੇ ਵੀ ਉਹ ਮੋਤੀਆ ਨੂੰ ਹੀ ਕੋਸਦੀ। ਕਈ ਵਾਰੀ ਉਸ ਗਲੋਅ ਦੀਆਂ ਜੜ੍ਹਾਂ ਪੁੱਟੀਆਂ "ਹਿਸੇ ਕਰੀ ਨਾ ਵਧਨਾ ਫੁਲਨਾ...."

ਪਰ ਮਿਲਖੀ ਫੇਰ ਗਲੋਅ ਲਗਾ ਦੇਂਦਾ "ਮੱਖੇ...ਬੇਬੇ....ਬਹੁਂ ਵਹਿਮ ਨਾ ਕਰਿਆ ਕਰ। ਕੋਠੜੀ ਦੇ ਬੂਹੇ ਦੇ ਸਾਹਮਣੇ ਇਕ ਲੰਮੀ ਇੱਟ ਪੁੱਟੀ ਹੋਈ ਸੀ ਸਾਂਝੀ ਕੰਧ ਦੂਜੇ ਘਰ ਮਿਲਖੀ ਦਾ ਭਰਾ ਤੇ ਭਰਜਾਈ ਧੰਨੀ ਰਹਿੰਦੇ ਸਨ ਤੇ ਮੋਤੀਆ ਆਪਣੀ ਦਿਉਰਾਣੀ ਧੰਨੀ ਨਾਲ ਸਲੂਣੇ ਦੀਆਂ ਕਟੋਰੀਆਂ ਵਟਾ ਲੈਂਦੀ, ਗੱਲਬਾਤ ਕਰ ਲੈਂਦੀ ਕੰਧ ਦੇ ਪਰਲੇ ਪਾਸੇ।

ਇਕ ਦਿਨ ਮਾਸੀ ਮਾਂ ਕੋਲ ਦੌੜਦੀ ਦੌੜਦੀ ਆਈ। "ਭੈਣ.....ਹੇ ਭੈਣ ਰਾਮ...." ਤੇ ਉਹ ਦੋਹੇਂ ਤਲੀਆਂ ਮਲ ਰਹੀ ਸੀ। "ਮੱਖਾਂ ਲਾਲੀ ਕਿੱਥੇ ਐ.....?"

"ਹੁਣੇ ਆਈ ਏ ਕਾਲਜ ਤੋਂ....ਪਿਛਲੇ ਕਮਰੇ 'ਚ ਹੋਸੀ...."

"ਮੈਂਡੀ ਗਲ ਤਾਂ ਨਾ ਸੁਣਸੀ ਨਾ ?"

"ਹਾਂ ਬੋਲ....' ਮਾਂ ਨੇ ਅੰਦਰ ਵੱਲ ਝਾਤੀ ਮਾਰਦੇ ਕਿਹਾ।

ਮੈਂ ਦਰਵਾਜ਼ੇ ਪਿੱਛੇ ਅਲਮਾਰੀ ਵਿਚ ਕਿਤਾਬਾਂ ਰੱਖ ਰਹੀ ਸਾਂ।

"ਹਾਏ ! ਡਾਹਢਾ ਗ਼ਜ਼ਬ.....। ਕੁੱਥੈ ਭੁਗਤਸੇ ਦੰਨੀ ਬੰਦੜੀਏ....! ਕਿਹਡੀ ਅੱਗ ਐ ਤੁਗੀ....ਸ਼ਕਲ ਤਾਂ ਤਕ....ਕਾਲੀ ਸਿਆਹ ਠੂਬਲ ਜਿਹੀ....। ਭੈਣ, ਛੋਟੀ ਕੁੜੀ ਰੋਈ ਜਾਏ— ਰੋਈ ਜਾਏ....ਮੈਂ ਅਵਾਜ਼ ਦਿੱਤੀ, ਮੱਖਾ ਧੰਨੀਏ ਕੁੜੀ ਕਿਉਂ ਰੁਆਨੀ ਪੇਈਂ ਏ....? ਠੀਕ ਤਾਂ ਹੈ ਨਾ....? ਫਾਵੀ ਹੋ ਗਈ ਕੁੜੀ ਰੋ ਰੋ ਕੇ। ਤੇ ਭੈਣ ਅੱਖਾਂ ਸੜਨ ਮੈਂਡੀਆਂ.... ਕੇਹ ਡਿੱਠਾ..... ਕਮਰੇ ਵਿਚੋਂ ਚਾਚਾ ਮੁਰਾਰੀ ਲਾਂਗੜ ਦੀ ਗੰਢ ਬੰਨਦਾ ਨਿਕਲਿਆ....ਹਾਏ ! ਨਿਗਾਰ ਕੁਠੀਏ, ਹੇ ਕੈਹ?" ਤੇ ਉਹ ਦੋਹੇਂ ਹੱਥ ਮਲਦੀ ਨੇ ਪਹਿਲਾਂ ਕੰਨਾਂ ਨੂੰ ਹੱਥ ਲਾਇਆ ਫੇਰ ਧਰਤੀ ਨਾਲ ਅੱਖਾਂ ਜੋੜ ਲਈਆਂ— "ਮਿਘੀ ਤਾਂ ਸਹੁੰ ਰਬ ਦੀ ਕਦੇ ਘਰੇ ਆਲੇ ਦਿਨ ਨੂੰ ਨਹੀਂ....!"

ਕੋਠੜੀ ਵਿਚ ਸਾਹਮਣੇ ਤਿਪਾਈ ਉੱਤੇ ਪਈ ਲਾਲਟੈਨ ਦੇ ਚਮਕਦੇ ਸ਼ੀਸ਼ੇ ਵਿਚੋਂ ਸੜੀ ਹੋਈ ਬੱਤੀ, ਸੜ ਕੇ ਵੀ ਸਿਰ ਉੱਚਾ ਚੁੱਕੀ ਖਲੋਤੀ ਰਹਿੰਦੀ। ਰਾਤੀ ਜ਼ਰਾ ਖੜਾਕ ਹੁੰਦੇ ਹੀ ਉਸ ਦੀ ਸੱਸ ਲਾਲਟੈਣ ਦੀ ਬੱਤੀ ਉੱਚੀ ਕਰ ਦੇਂਦੀ ਸੀ, ਉੱਚੇ-ਉੱਚੇ ਸਾਹ ਲੈਣ ਲੱਗ ਪੈਂਦੀ ਸੀ। ਸਵੇਰੇ ਸਾਰਾ ਗੁੱਸਾ ਮਿਲਖੀ ਮੋਤੀਆ ਉੱਤੇ ਕਢਦਾ, ਉਸ ਦੀ ਸ਼ਾਮਤ ਆ ਜਾਂਦੀ। ਉਸ ਦੇ ਮ੍ਰਿਗ ਨੈਣ ਦਹਿਲ ਕੇ ਸਹਿਮ ਜਾਂਦੇ। "ਤੈਂਡੀ ਚਿੱਟੀ ਚਮੜੀ ਸਾੜੀ ਛੋੜਸਾਂ—ਬਹੁ ਮਾਣ ਐ ਨਾ ਤੁਗੀ?"

"ਮਾਸੀ ਤੂੰ ਡਮਣੀ ਚੁੱਕ ਕੇ ਮਾਸੜ ਦੇ ਸਿਰ ਵਿਚ ਹਿਕ ਵਾਰੀ ਮਾਰ ਵਤ ਨਾ ਮਾਰਸੀਆ" ਮੈਂ ਕਹਿੰਦੀ ਤਾਂ ਉਹ ਠੰਡਾ ਸਾਹ ਭਰ ਕੇ ਮੇਰੇ ਵਲ ਵੇਖਦੀ "ਹਿੰਝ ਨਾ ਆਖ— ਫੇਰ ਕੁੱਥੇ ਵੰਞਸਾਂ....ਕਦੇ ਜ਼ਨਾਨੀ ਵੀ ਹੱਥ ਚੁਕਦੀ ਏ....? ਵਾਹਿਗੁਰੂ ਵਾਹਿਗੁਰੂ ਕੈਹ....ਰਬ ਤੁਗੀ ਭਾਗ ਲਾਏ....ਚੰਗਾ ਵਰ-ਘਰ ਮਿਲੈ"....

"ਨਹੀਂ ਤਾਂ ਮੈ ਦੁਖ ਨਿਵਾਰਨ ਸਰੋਵਰ ਵਿਚ ਡੁਬ ਜਾਸਾਂ....ਇਹੋ ਜਿਹੀ ਜ਼ਿੰਦਗੀ ਤੋ ਤਾਂ...."

"ਮਰਨਾ ਕਿਹੜਾ ਸੋਖਾ ਧੀਏ।" ਉਹ ਮੇਰਾ ਸਿਰ ਪਲੋਸਦੀ ਸੀ।

ਇਵੇਂ ਹੀ ਭਾਣਾ ਵਰਤਿਆ ਇਕ ਦਿਨ, ਮਿਲਖੀ ਛਾਬੇ ਸਮੇਤ ਬਜ਼ਾਰ ਵਿਚ ਹੀ ਡਿਗ ਪਿਆ। ਮੂੰਹ ਵਿਚੋਂ ਝਗ ਛਡਦਾ.....ਬੇਹੋਸ਼....। ਸੜਕ ਦੇ ਪਾਰ ਵਾਲੇ ਡਾ. ਨੰਦ ਲਾਲ ਦਾ ਸ਼ੱਕ ਠੀਕ ਹੀ ਨਿਕਲਿਆ। ਮਿਲਖੀ ਦੀ ਲੱਤ ਉੱਤੇ ਪਾਗ਼ਲ ਕੁੱਤੇ ਨੇ ਵੱਢਿਆ ਸੀ ਪਰ ਉਸ ਗੌਲਿਆ ਨਾ। ਉਹ ਪਾਗ਼ਲਾਂ ਵਾਂਗ ਗਾਹਲਾਂ ਕੱਢਦਾ, ਉਲੂ-ਜਲੂਲ ਬਕਦਾ। ਮੂੰਹ ਵਿਚੋਂ ਝਗ ਨਿਕਲਦੀ, ਕਤੂਰਿਆਂ ਵਾਂਗ 'ਚਉਂ-ਚਉਂ ਕਰਦਾ ਰਹਿੰਦਾ। ਉਹਦੇ ਢਿੱਢ ਵਿਚ ਕਈ ਟੀਕੇ ਲਗੇ- ਉਹ ਹਰ ਵੇਲੇ ਮੋਤੀਆ ਨੂੰ ਬੁਲਾਉਂਦਾ "ਮੋਤੀਆ...... ਹੇ ਮੈਂਡੇ ਮੋਤੇ......ਮੋਤੀਆ ਜੀ......ਹਿੱਕ ਵਾਰੀ ਮੈਂਡੇ ਕੋਲ ਆ ਵੰਞ...... ਹਿਕ ਵਾਰੀ ਆ ਜਾ, ਤੁਗੀ ਕੁਝ ਨਾ ਕਹਿਨਾ......ਮਿਘੀ ਹਿਕ ਵਾਰੀ।" ਉਹ ਸ਼ਰਮਸਾਰ ਹੋਈ ਇਕ ਗੋਡੇ ਨੂੰ ਧਰਤੀ ਨਾਲ ਜੋੜ ਦੂਜੇ ਖੜ੍ਹੇ ਗੋਡੇ ਉੱਤੇ ਠੋਡੀ ਰੱਖ ਰੋਂਦੀ ਰਹਿੰਦੀ। ਕੁਝ ਦਿਨਾਂ ਬਾਅਦ ਆਉਣ ਵਾਲੀ ਘੜੀ ਦੀ ਡਾਕਟਰ ਨੇ ਚਿਤਾਵਨੀ ਦੇ ਦਿੱਤੀ ਸੀ।

ਕਿਹੋ ਜਿਹੇ ਦਿਨ ਸਨ—? ਹਰ ਵੇਲੇ ਲੋਕਾਂ ਦੀ ਭੀੜ ਮਿਲਖੀ ਨੂੰ ਵੇਖਣ ਲਈ ਲਗੀ ਰਹਿੰਦੀ ਸੀ। ਕੋਈ ਹਮਦਰਦ......ਕੋਈ

ਤਮਾਸ਼ਬੀਨ......ਤੇ ਮਾਸੀ ਮੋਤੀਆ ਮੂੰਹ ਉੱਤੇ ਹੱਥ ਧਰੀ ਪੱਥਰ ਦੀ ਮੂਰਤੀ ਜਿਹੀ ਹਰ ਚਿਹਰੇ ਨੂੰ ਵੇਖਦੀ.....ਗਲਾਂ ਸੁਣਦੀ।

ਮਿਲਖੀ ਤਰਲੇ ਕਰਦਾ......ਮਾਫੀਆਂ ਮੰਗਦਾ ਜਦੋਂ ਥੱਕ ਜਾਂਦਾ ਤਾਂ ਬੂਹੇ ਦੀ ਝੀਥ ਕੋਲ ਮੂੰਹ ਕਰ ਕੇ ਗੰਦੀਆਂ ਗਾਹਲਾਂ ਬਕਦਾ, ਉਸ ਦੇ ਅਗਲੇ-ਪਿਛਲੇ ਪੁਣ ਛਡਦਾ—"ਮਿਘੀ ਹਿਕ ਵਾਰ ਬਾਹਰ ਆਣ ਦੇ......ਤੈਂਡੀ ਚਿੱਟੀ ਚਮੜੀ ਉਧੇੜ ਛੋੜਸਾਂ—ਧਾਰਾਂ ਕੋਲ ਵੈਣਾ ਹੋਸੀਆ—ਜਿਹੜੇ ਆਖਨੇ ਨ ਮੋਤੀ ਦਾਨ ਕੀਤੇ ਤੂੰ, ਹਿਓ ਜਿਹੀ ਵਹੁਟੀ ਮਿਲੀ......ਤੂੰ ਮਾਰੀ ਮਾਰੀ ਖਲ ਉਧੇੜ ਛੋੜੀ ਏ ਸ਼ੋਹਦੀ ਨੀ"

ਕੋਠੜੀ ਵਿਚ ਰੋਟੀ ਪਾਣੀ ਰਖਦੈ ਉਸ ਮੋਤੀਆ ਦੀ ਬਾਂਹ ਐਸੀ ਪਕੜੀ ਕਿ ਛੁਡਾਉਣੀ ਮੁਸ਼ਕਲ ਹੋ ਗਈ। ਕੋਠੜੀ ਵਿਚ ਪਏ ਬਿਸਤਰੇ ਉਸ ਲੀਰੋ ਲੀਰ ਕਰ ਦਿੱਤੇ। ਕਾਨਸ ਉੱਤੇ ਸਜੇ ਭਾਂਡੇ ਸਭ ਤੋੜ ਦਿੱਤੇ। ਕਮਰੇ ਦੀਆਂ ਝੀਥਾਂ ਵਿੱਚੋਂ ਬੋਅ ਬਾਹਰ ਆਉਂਦੀ-ਮੋਤੀਆ ਦਾ ਨੱਕ ਸੜ ਜਾਂਦਾ। ਛੋਟੇ ਭਰਾ ਨੇ ਵੀ ਆਪਣੇ ਪਾਸੇ ਤੋਂ ਕੰਧ ਵਿਚ ਇਟ ਲਗਾ ਦਿੱਤੀ। ਮਿਲਖੀ ਤਾਂ ਪੁਟੀ ਹੋਈ ਇੱਟ ਦੇ ਅੱਗੇ ਮੂੰਹ ਰੱਖ ਕੁੱਤਿਆਂ ਵਾਂਗ ਭੌਂਕਦਾ ਸੀ। ਇਕ ਦਿਨ ਸਵੇਰੇ ਮਿਲਖੀ ਦੀ ਕੋਠੜੀ ਵਿਚੋਂ ਅਵਾਜ਼ ਆਉਣੀ ਬੰਦ ਹੋ ਗਈ। ਮਾਸੀ ਮੋਤੀਆ ਦੇ ਸਿਰ ਤੋਂ ਫਟੀ ਹੋਈ ਚੁੰਨੀ ਵੀ ਉਤਰ ਗਈ। ਉਹ ਸਿਰੋਂ ਨੰਗੀ ਹੋ ਗਈ ਸੀ। ਬਿਰਾਦਰੀ ਦੇ ਚੌਧਰੀ ਚਾਚੇ ਮੁਰਾਰੀ ਨੇ ਕਿਹਾ ਸੀ 'ਹਿਥੈ ਘਰੇ 'ਚ ਰਹੇ, ਅੰਨੀ ਚਾਚੀ ਦੀ ਸੇਵਾ ਕਰੇ....ਮੈਂਡਾ ਘਰ ਭੀ ਵਸ ਜਾਸੀ....ਘਰੇ ਦੀ ਇਜ਼ਤ ਘਰੇ 'ਚ ਹੀ....."

"ਨਾ ਜੀ......ਲੋਕੇਂ ਦੇ ਭਾਂਡੇ ਟੀਂਡੇ ਮਾਜੀ ਐ ਦੋ ਟੁਕਰ ਖਾ ਲੈਸਾਂ"

ਮਾਸੀ ਮੋਤੀਆ ਸਾਡੇ ਘਰ ਵੀਹ ਚੱਕਰ ਮਾਰਦੀ "ਮਿਘੀ ਤਾਂ ਘਰ ਖਾਣੇ ਕੀ ਦੌੜਦੈ ਮੱਖਾਂ......! ਉਹ ਜਾਣੇ ਸਿਰ ਦੇ ਸਾਂਈਂ ਨਾਲ ਘਰ ਤਾਂ ਵਸਨਾ ਆਇਆ" ਉਹ ਰੋਂਦੀ ਕਹਿੰਦੀ।

"ਸ਼ੁਕਰ ਨੀ ਕਰਦੀ ਮਾਸੀ ਤੂੰ ਮਾਰਾਂ ਤੋਂ ਬਚੀ ਏਂ......"

"ਹਿੰਝ ਨਾ ਆਖ...... ਰਬ ਦੀ ਮਾਰ ਆਸਤੈ ਕਿਸ ਨੂੰ ਆਖਾਂ, ਮੱਖੇ!............

****

ਮੇਰੇ ਵਿਆਹ ਵਿਚ ਕਾਰ ਮੁਖ਼ਤਿਆਰ ਹੀ ਮਾਸੀ ਮੋਤੀਆ ਸੀ। ਉਸ ਨੇ ਰਸੋਈ ਦਾ ਸਾਰਾ ਕੰਮ ਸੰਭਾਲਿਆ ਸੀ। ਹਫ਼ਤਾ ਪਹਿਲਾਂ ਹੀ ਉਸ ਨੇ ਮੱਠੀਆਂ, ਸ਼ਕਰ-ਪਾਰੇ, ਨੁਗਦੀ ਸਭ ਬਣਾ ਕੇ ਟੀਨ ਭਰ ਲਏ ਸਨ। ਚਾਂਈਂ-ਚਾਂਈਂ ਮਟਕਦੀ ਸਾਰਾ ਕੰਮ ਨਿਭਾਉਂਦੀ ਜਿਵੇਂ ਉਸ ਦੀ ਆਪਣੀ ਜਾਈ ਦਾ ਵਿਆਹ ਹੋਏ।

ਘਰ ਵਿਚ ਥੋੜ੍ਹੀ ਹਫੜਾ-ਦਫੜੀ ਪਈ ਸੀ। ਗੱਡੀ ਜਿਸ ਉੱਤੇ ਜੰਞ ਆਉਣੀ ਸੀ ਦੇ ਪਹੁੰਚਣ ਦਾ ਵੇਲਾ ਸੀ। ਵਡਿਆਂ ਨੇ ਸਟੇਸ਼ਨ ਜਾਣਾ ਸੀ, ਹੋਟਲ ਜੰਞ ਰੁਕਵਾਣੀ ਸੀ, ਖਾਣ-ਪੀਣ ਦਾ ਇੰਤਜ਼ਾਮ ਕਰਨਾ ਸੀ।

ਮੈਂ ਸਹੇਲੀਆਂ ਵਿਚ ਘਿਰੀ ਸਾਂ। ਕੁੜੀਆਂ ਨੇ ਸ਼ੋਰ-ਸ਼ਰਾਬਾ ਮਚਾਇਆ ਸੀ। ਮਾਸੀ ਮੋਤੀਆ ਨਵਾਂ ਸੂਟ ਪਾ ਕੇ ਸੱਜ-ਧਜ ਮੇਰੇ ਕੋਲ ਬੈਠ ਕੰਨ ਵਿਚ ਕਹਿਣ ਲਗੀ— "ਆਪੂੰ ਵੇਖਸਣ ਰੋਟੀ ਸੋਟੀ......ਮਿਘੀ ਤਾਂ ਪਹਿਲੇ ਤੇਰਾ ਮਹਾਰਾਜ ਵੇਖਣ ਜਾਣੈ ਲਾਲੀ......ਜੇ ਕੁਧਰੇ ਤੈਂਡੇ ਮਾਸੜ ਆਂਗਰ......ਭੈੜਾ ਭੜਥਾ......ਫੇਰ?"

"ਦੁਖ ਨਿਵਾਰਨ ਦੇ ਸਰੋਵਰ......" ਤੇ ਉਸ ਮੇਰੇ ਮੂੰਹ ਅੱਗੇ ਹੱਥ ਰਖ ਦਿੱਤਾ, "ਮੱਖਾਂ! ਬਹੁ ਚੱਤੇ ਨਾ ਕਰਿਆ ਕਰ......ਸੁਖਾਂ ਨਾਲ......"

ਤੇ ਹੋਟਲ ਤੋਂ ਵਾਪਸ ਆ ਕੇ ਉਸ ਨੇ ਜ਼ੋਰ ਦੀ ਤਾੜੀ ਮਾਰ ਕੇ ਇਕ ਭੁਆਂਟਣੀ ਲਈ ਤੇ ਝੂੰਮਦੀ ਨੇ ਹੱਸਦੇ ਹੱਸਦੇ ਸਿਰ ਹਿਲਾਇਆ ਤੇ ਅੰਗੂਠਾ ਤੇ ਪਹਿਲੀ ਉਂਗਲੀ ਜੋੜ ਕੇ ਅੱਖ ਮਾਰੀ।

ਮੈਂ ਝੇਂਪ ਜਿਹੀ ਗਈ ਸਾਂ, ਕੁੜੀਆਂ ਹੋਰ ਮਚਲੀਆਂ, ਹੋਰ ਸ਼ੋਰ ਮਚਾਇਆ ਸੀ।

****

ਇਕਦਮ ਬਿਜਲੀ ਆਈ। ਚਾਨਣ-ਚਾਨਣ ਪਸਰਿਆ। ਮੈਂ ਯਾਦਾਂ ਦੇ ਕਿਹੜੇ ਭੁੱਲੇ ਵਿਸਰੇ ਪਲੰਦਿਆਂ ਹੇਠਾਂ ਦਬ ਗਈ ਸਾਂ? ਸਾਹਮਣੇ ਤਾਂ ਨਵਾਂ ਬਣਿਆ ਪੱਕਾ ਸੋਹਣਾ ਸੰਗਮਰਮਰ ਦੇ ਫਰਸ਼ ਵਾਲਾ ਘਰ ਸੀ। ਮੈਂ ਸਿਰ ਛੰਡਿਆਂ ਤੇ ਮਾਂ ਦੇ ਘਰ ਦੀਆਂ ਪੌੜੀਆਂ ਚੜ੍ਹ ਗਈ।


ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

ਸਿਹਤ ਸੰਭਾਲ

# ਨਸ਼ੇ ਅਤੇ ਕਾਨੂੰਨ

ਡਾ. ਰਜਿੰਦਰ ਸਿੰਘ

ਸੁਤੰਤਰ ਭਾਰਤ ਦੇ ਸੰਵਿਧਾਨ ਦੀ ਧਾਰਾ ੪੭ ਵਿਚ ਨਸ਼ਾ-ਨਿਸ਼ੇਧ ਪ੍ਰਤੀ ਰਾਸ਼ਟਰ ਦੀ ਵਚਨਬੱਧਤਾ ਦਰਜ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਗੁਜਰਾਤ ਵਿਚ ਮੁਕੰਮਲ ਸ਼ਰਾਬ-ਬੰਦੀ ਲਾਗੂ ਕਰ ਦਿੱਤੀ ਗਈ ਸੀ। ਕਹਿਣ ਨੂੰ ਇਹ ਹੁਣ ਵੀ ਲਾਗੂ ਹੈ, ਪ੍ਰੰਤੂ ਸਿਆਸੀ ਇਰਾਦੇ ਦੀ ਘਾਟ ਅਤੇ ਢਿੱਲੇ ਪ੍ਰਸਾਸ਼ਨ ਕਾਰਨ ਸ਼ਰਾਬ ਉਥੇ ਆਮ ਉਪਲਬਧ ਹੈ। ਕਈ ਦੂਜੇ ਪ੍ਰਾਂਤਾਂ ਵਿਚ ਵੀ ਸਮੇਂ-ਸਮੇਂ ਸ਼ਰਾਬ-ਬੰਦੀ ਲਾਗੂ ਹੋਈ, ਪ੍ਰੰਤੂ ਅਨੇਕ ਕਾਰਨਾਂ ਕਰਕੇ ਬਹੁਤਾ ਚਿਰ ਟਿੱਕ ਨਾ ਸਕੀ।

ਅੰਗਰੇਜ਼ਾਂ ਦੇ ਸ਼ਾਸਨ-ਕਾਲ ਦੌਰਾਨ ਨਸ਼ਿਆਂ ਦੀ ਨਜਾਇਜ਼ ਪੈਦਾਵਾਰ, ਵਣਜ ਤੇ ਵਰਤੋਂ ਰੋਕਣ ਲਈ ਦੇਸ਼ ਵਿਚ ਦੋ ਕਾਨੂੰਨ ਲਾਗੂ ਸਨ। ਅਫੀਮ ਅਤੇ ਇਸ ਤੋਂ ਨਿਰਮਿਤ ਦਵਾਈਆਂ ਤੇ ਰਸਾਇਣਾਂ ਨਾਲ ਸੰਬੰਧਤ 'ਓਪੀਅਮ ਐਕਟ' (Opium Act) 1857 ਵਿਚ ਲਾਗੂ ਕੀਤਾ ਗਿਆ ਫਿਰ 1930 ਵਿਚ 'ਡੇਂਜਰਸ ਡਰੱਗਜ਼ ਐਕਟ' (Dangerous Drugs Act) ਪਾਸ ਕੀਤਾ ਗਿਆ ਤੇ ਹੋਰ ਅਨੇਕ ਨਸ਼ੀਲੇ ਪਦਾਰਥ ਵੀ ਇਸ ਦੇ ਦਾਇਰੇ ਵਿਚ ਲਿਆਂਦੇ ਗਏ। ਸਮੇਂ ਨਾਲ ਇਹ ਦੋਵੇਂ ਐਕਟ ਅਪ੍ਰਚਲਤ ਵਿਧਾਨ ਬਣ ਕੇ ਰਹਿ ਗਏ। ਥੋੜ੍ਹੇ ਹੀ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ ਅਤੇ ਉਹ ਵੀ ਬਹੁਤ ਮਾਮੂਲੀ। ਇਨ੍ਹਾਂ ਤਹਿਤ ਵੱਧ ਤੋਂ ਵੱਧ ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਸੀ।

ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਪੱਛਮੀ ਦੇਸ਼ਾਂ ਵਿਚ ਨਸ਼ਾਖੋਰੀ ਵਿਚ ਇਕਦਮ ਉਛਾਲ ਆਇਆ। ਹਿੱਪੀਆਂ ਵਰਗੇ ਨਸ਼ੇੜੀ ਸੰਪ੍ਰਦਾਇ ਉਭਰੇ ਅਤੇ ਪੂਰਬੀ ਦੇਸ਼ਾਂ ਵਿਚ ਵੀ ਆਏ। 1970 ਤੋਂ ਬਾਅਦ ਤਾਂ ਇਹ ਪ੍ਰਕੋਪ ਲਗਭਗ ਸਾਰੀ ਦੁਨੀਆਂ ਵਿਚ ਛਾ ਗਿਆ। ਭਾਰਤ ਵੀ ਇਸ ਮੰਦ-ਭਾਗੇ ਵਰਤਾਰੇ ਤੋਂ ਬਾਹਰਾ ਨਹੀਂ ਰਹਿ ਸਕਿਆ। ਭੁੱਕੀ, ਅਫੀਮ, ਚਰਸ, ਗਾਂਜਾ, ਹੈਰੋਇਨ, ਸਮੈਕ ਆਦਿ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਨਜਾਇਜ਼ ਪੈਦਾਵਾਰ, ਤਸਕਰੀ ਤੇ ਗੁਪਤ ਵਪਾਰ ਦਾ ਲਾਹੇਵੰਦ ਧੰਦਾ ਜ਼ੋਰ ਪਕੜਦਾ ਗਿਆ। ਡਰੱਗ ਮਾਫ਼ੀਆ ਸਰਗਰਮ ਹੋ ਗਿਆ। ਖ਼ਤਰਨਾਕ ਅਪਰਾਧੀਆਂ ਦੇ ਗਰੋਹ ਵੀ ਇਸ ਵਿਚ ਸ਼ਾਮਲ ਸਨ। ਭ੍ਰਿਸ਼ਟ ਸਿਆਸੀ ਨੇਤਾਵਾਂ ਤੇ ਕਰਮਚਾਰੀਆਂ ਦੇ ਸੁਆਰਥੀ ਹਿੱਤ ਵੀ ਇਸ ਨਾਲ ਜੁੜ ਗਏ। ਹੁਣ ਵਧੇਰੇ ਕਠੋਰ ਅਵਰੋਧਕ ਕਾਨੂੰਨ ਲਾਗੂ ਕਰਨਾ ਬੜਾ ਜ਼ਰੂਰੀ ਹੋ ਗਿਆ।

1985 ਵਿਚ ਉਪਰੋਕਤ ਦੋਵੇਂ ਐਕਟ ਮਨਸੂਖ਼ ਕਰ ਕੇ 'ਨਾਰਕੌਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸਿਜ਼ ਐਕਟ' (Narcotic Drugs & Psychotropic Substances Act) ਸੰਖੇਪ ਵਿਚ NDPS ਐਕਟ, ਪਾਸ ਕੀਤਾ ਗਿਆ। ਇਸ ਦੇ ਤਹਿਤ ਬਹੁਤ ਸਾਰੇ ਨਸ਼ੀਲੇ ਪਦਾਰਥਾਂ ਦੀ ਕਾਸ਼ਤ, ਪੈਦਾਵਾਰ, ਨਿਰਮਾਣ, ਕੋਲ ਰੱਖਣਾ (Possession), ਵਰਤੋਂ, ਖ਼ਰੀਦ-ਫ਼ਰੋਖਤ, ਢੋਆ-ਢੁਆਈ, ਆਯਾਤ ਤੇ ਨਿਰਯਾਤ ਸੰਗੀਨ ਜ਼ੁਰਮ ਕਰਾਰ ਦਿੱਤੇ ਗਏ ਅਤੇ ਦੋਸ਼ੀਆਂ ਲਈ ਕਠੋਰ ਸਜ਼ਾਵਾਂ ਦਾ ਪ੍ਰਾਵਧਾਨ ਕੀਤਾ ਗਿਆ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ –

1. ਨਿਮਨਲਿਖਤ ਕਿਸੇ ਵੀ ਅਪਰਾਧ ਦੀ ਘੱਟੋ-ਘੱਟ ਸਜ਼ਾ 10 ਸਾਲ ਕੈਦ ਬਾ ਮੁਸ਼ੱਕਤ ਅਤੇ ਇਕ ਲੱਖ ਰੁਪਏ ਜ਼ੁਰਮਾਨਾ ਹੈ। ਅਦਾਲਤ, ਕਾਰਨ ਕਲਮਬੰਦ ਕਰਕੇ, ਵੱਧ ਤੋਂ ਵੱਧ ਸਜ਼ਾ ਇਸ ਤੋਂ ਦੂਣੀ ਵੀ ਕਰ ਸਕਦੀ ਹੈ :

* ਕੋਕਾ (ਜਿਸ ਦੇ ਪੱਤਿਆਂ 'ਚੋਂ ਕੋਕੀਨ ਕੱਢੀ ਜਾਂਦੀ ਹੈ) ਦੇ ਪੇੜ ਪੌਦਿਆਂ ਦੀ ਕਾਸ਼ਤ।

* ਬਿਨਾਂ ਲਾਇਸੈਂਸ ਪੋਸਤ ਦੀ ਖੇਤੀ/ਅਫੀਮ ਜਾਂ ਭੁੱਕੀ ਦੀ ਪੈਦਾਵਾਰ।

* ਜੇਕਰ ਅਫੀਮ ਦਾ ਲਾਇਸੈਂਸਦਾਰ ਕਾਸ਼ਤਕਾਰ ਪੂਰੀ ਪੈਦਾਵਾਰ ਸਰਕਾਰ ਦੇ ਹਵਾਲੇ ਨਾ ਕਰ ਕੇ ਇਸ ਦਾ ਕੁਝ ਹਿੱਸਾ ਖੁਰਦ-ਬੁਰਦ ਕਰ ਲਏ।

* ਕੋਕਾ ਦੇ ਪੱਤੇ, ਕੋਕੀਨ, ਚਰਸ (ਹਸ਼ੀਸ਼), ਕੈਨਾਬਿਸ ਆਇਲ (Cannabis Oil), ਭੁੱਕੀ (ਪੋਸਤ), ਅਫੀਮ ਅਤੇ ਇਸ ਦੇ ਯੋਗਿਕਾਂ (Chemical derivatives) ਤੇ ਜੁਜ਼ਾਂ (ingredients) ਜਿਵੇਂ ਹੈਰੋਇਨ, ਸਮੈਕ, ਮਾਰਫੀਨ, ਕੋਡੀਨ ਆਦਿ ਦਾ ਉਤਪਾਦਨ, ਮਾਲਕੀ, ਢੋਆ-ਢੁਆਈ, ਖਰੀਦ, ਫ਼ਰੋਖ਼ਤ, ਆਯਾਤ ਤੇ ਨਿਰਯਾਤ।

* ਨਸ਼ੀਲੀ ਤਾਸੀਰ ਵਾਲੀਆਂ ਦਵਾਈਆਂ ਨਾਲ ਸੰਬੰਧਤ ਉਪਰੋਕਤ ਅਪਰਾਧ ਅਤੇ ਗ਼ੈਰ-ਕਾਨੂੰਨੀ ਨਿਰਮਾਣ (Section 21, NDPS Act)

* ਉਪਰੋਕਤ ਅਪਰਾਧਾਂ ਦੀ ਤਿਆਰੀ ਜਾਂ ਕੋਸ਼ਿਸ਼ ਮਾਤਰ।

* ਜਾਣ-ਬੁੱਝ ਕੇ ਉਪਰੋਕਤ ਅਪਰਾਧੀ ਗਤੀਵਿਧੀਆਂ ਲਈ ਕਿਸੇ ਨੂੰ ਸਹਿਯੋਗ ਦੇਣਾ, ਮਾਲੀ ਜਾਂ ਹੋਰ ਕਿਸੇ ਪ੍ਰਕਾਰ ਦੀ ਮੱਦਦ ਦੇਣਾ, ਆਪਣਾ ਮਕਾਨ, ਕਮਰਾ ਜਾਂ ਥਾਂ ਇਸ ਧੰਦੇ ਲਈ ਦੇਣਾ ਅਤੇ ਮਾਲ ਦੀ ਢੋਆ-ਢੁਆਈ ਲਈ ਗੱਡੀ, ਕੋਈ ਜਾਨਵਰ (ਖੱਚਰ, ਘੋੜਾ ਆਦਿ) ਮੁਹੱਈਆ ਕਰਨਾ। ਅਪਰਾਧੀ ਨੂੰ ਰਿਹਾਇਸ਼ ਜਾਂ ਪਨਾਹ ਦੇਣਾ।

(ਚਲਦਾ)

# ਕਾਵਿ-ਕਿਆਰੀ

## ਹਉਮੈਂ/ਹਰਬਖ਼ਸ਼ ਸਿੰਘ ਟਾਹਲੀ



ਲੋਕ ਪੈਰਾਂ ਥੱਲਿਓਂ ਜ਼ਮੀਨ ਛੱਡਣ ਲਗਿਆਂ
ਦੇਰ ਨਹੀਂ ਲਗਾਉਂਦੇ-ਉੱਡਣ ਲੱਗਦੇ ਹਨ
ਜ਼ਿੰਦਗੀ ਚਮਕ ਦਿਖਾਲਦੀ ਹੈ
ਹਉਮੈਂ ਦੇ ਪਰ ਉਗਦੇ ਹਨ
ਮੈਂ ਦੇ ਡੰਕੇ ਵਜਦੇ ਹਨ
ਜ਼ਿੰਦਗੀ ਖਿਲਰ ਜਾਂਦੀ ਹੈ
ਖਿਲਰੀ ਹੋਈ ਜ਼ਿੰਦਗੀ ਨੂੰ ਮੁੜ ਇਕੱਠਿਆਂ ਕਰਨਾ
ਹੁੰਦਾ ਹੈ ਬੜਾ ਮੁਸ਼ਕਿਲ
ਵਿਰੋਧੀ ਦਿਸ਼ਾ ਵੱਲ ਤੁਰਨ ਵਾਲਾ
ਭਲਾ ਕਿਵੇਂ ਪਾਵੇਗਾ ਮੰਜ਼ਲ ਦੇ ਦਰਸ਼ਨ
ਮਾਣ ਵਡਿਆਈ ਢਲਦੀਆਂ ਕਿਰਨਾਂ ਨਾਲ ਢਲ ਜਾਂਦੀ ਹੈ
ਮੋਢਿਆਂ ਉਤੋਂ ਥੁੱਕਣ ਵਾਲੇ ਲੋਕ
ਢਲਦੀਆਂ ਕਿਰਨਾਂ ਨੂੰ ਬਰਦਾਸ਼ਤ ਨਹੀਂ ਕਰਦੇ
ਤੇ ਕਰਨ ਲਗਦੇ ਹਨ ਮੁਕਾਬਲੇ
ਪਰ ਕੌਣ ਕਰ ਸਕਦਾ ਹੈ ਸੱਚ ਦਾ ਮੁਕਾਬਲਾ
ਕਿਰਨਾਂ ਨੇ ਅਸਤ ਹੋਣਾ ਹੁੰਦਾ ਹੈ
ਤੇ ਉਹ ਹੋ ਜਾਂਦੀਆਂ ਹਨ
ਜਦੋਂ ਹਉਮੈ ਦੇ ਖੰਭ ਟੁੱਟਦੇ ਹਨ
ਹੋ ਚੁੱਕੀ ਹੁੰਦੀ ਹੈ ਓਦੋਂ ਬੜੀ ਦੇਰ
ਗਵਾਚਿਆ ਹੋਇਆ ਧਨ ਕੀਤਾ ਜਾ ਸਕਦਾ ਹੈ ਇਕੱਠਾ
ਪਰ ਗਵਾਚਿਆ ਹੋਇਆ ਸਮਾਂ... ਕਦੇ ਨਹੀਂ


## ਸ਼ਬਦਾਂ ਦੇ ਸੰਜੋਗ

* ਧਰਮ ਪੁਰਾਤਨ ਚੀਜ਼ਾਂ ਦੇ ਆਧਾਰ 'ਤੇ ਚੱਲਦਾ ਹੈ ਅਤੇ ਵਿਗਿਆਨ ਨਿੱਤ ਨਵੀਆਂ ਖੋਜਾਂ ਈਜਾਦ ਕਰਕੇ ਆਪਣੀ ਹੋਂਦ ਕਾਇਮ ਕਰਦੀ ਹੈ।
* ਦੂਜਿਆਂ ਦਾ ਨੁਕਸਾਨ ਕਰਕੇ ਲੋਕ ਸਰਬੱਤ ਦੇ ਭਲੇ ਦੀ ਅਰਦਾਸ ਵਿਚ ਸ਼ਾਮਲ ਹੋ ਜਾਂਦੇ ਹਨ।
* ਜਦੋਂ ਮਨੁੱਖ ਹੁਕਮ ਦੀ ਗੱਲ ਮੰਨਣ ਲੱਗ ਜਾਵੇ ਉਦੋਂ ਉਸ ਲਈ ਵੱਡੇ ਤੋਂ ਵੱਡਾ ਦੁੱਖ ਵੀ ਸੁਭਾਵਿਕ ਹੋ ਜਾਂਦਾ ਹੈ।
* ਝੂਠ, ਅਕਲ ਨਾਲ ਬੋਲਣ ਹੁੰਦਾ ਹੈ ਪਰ ਸੱਚ ਬੋਲਣ ਲਈ ਅਕਲ ਦੀ ਲੋੜ ਨਹੀਂ ਹੁੰਦੀ, ਸਾਹਸ ਦੀ ਲੋੜ ਹੁੰਦੀ ਹੈ।
* ਉਦਾਸ ਬੰਦੇ ਮੇਲਿਆਂ ਵਿਚੋਂ ਵੀ ਉਦਾਸੀ ਲੱਭਦੇ ਰਹਿੰਦੇ ਹਨ।
* ਇਨਸਾਨ ਗੁਜ਼ਰੇ ਵਕਤ ਨੂੰ ਹਮੇਸ਼ਾ ਚੰਗਾ ਕਹਿੰਦਾ ਹੈ।
* ਸ਼ੱਕ ਰਿਸ਼ਤੇ ਨੂੰ ਤੋੜਦਾ ਹੈ ਤੇ ਭਰੋਸਾ ਰਿਸ਼ਤੇ ਨੂੰ ਜੋੜਦਾ ਹੈ।
* ਸਾਹਿਤ ਲਿਖਿਆ ਨਹੀਂ ਜਾਂਦਾ ਸਿਰਜਿਆ ਜਾਂਦਾ ਹੈ।
* ਬਹੁਤੀ ਵਾਰੀ ਲੜਕੀਆਂ ਸੋਚਦੀਆਂ ਹਨ ਕਿ ਉਨ੍ਹਾਂ ਦੇ ਪ੍ਰੇਮੀ ਉਨ੍ਹਾਂ ਬਾਰੇ ਕਿਸੇ ਨੂੰ ਦੱਸਦੇ ਨਹੀਂ ਪਰ ਉਹ ਗਲਤ ਸੋਚਦੀਆਂ ਹਨ।
* ਸਿਆਣਾ ਉਹ ਹੁੰਦਾ ਹੈ, ਜੋ ਆਪਣੇ ਦੁਸ਼ਮਣਾਂ ਕੋਲੋਂ ਵੀ ਕੰਮ ਕਢਵਾ ਸਕੇ। ਮੂਰਖ ਉਹ ਹੁੰਦਾ ਹੈ, ਜੋ ਆਪਣੇ ਦੋਸਤਾਂ ਕੋਲੋਂ ਵੀ ਕੋਈ ਕੰਮ ਨਾ ਲੈ ਸਕੇ।

## ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
## ਕੱਖਾਂ ਵਾਂਗੂ ਰੁਲ ਜਾਵੋਗੇ



# MATRIMONIAL



Suitable Match For LubanaGursikh Boy, US Citizen, DOB-Sept.1992, Education- BE(MECH.) From USA And Working In USA as SR. Design Engineer, Height 6", Father- GM in MNC, Mother- Home maker, Brother Studying In USA, Parents Staying in Delhi. Looking for a well Educated Groom Preferably having Done IT/BTECH/MTECH/MBA/FINANACE. Contact: 9971745007.

* * * * *

Suitable match for Lobana Girl, Year of birth-1992, Height: 5ft 5", Qualifications: Masters in Animation, Working As: Senior Designer in an MNC Pune, Father- serving Army Officer,

Contact-9225514644.

* * * * *

Suitable match for Lobana girl DOB-27-12-1993, Height: 5’5", Education-B.D.S, M.A.S from F.D. University Vancouver, job Presently Working in Dental Clinic in Vancouver, Canada.

Cont. no-94645-41112

* * * * *

Suitable match for LobanaSikh boy, dob-June,1991,Chandigarh, 5’11", ft, qualification-3year diploma in mech.engg. From-psbte (India) and 2 year diploma automative in Australia, big sister settled in Australia. Cont-95926-66721.

* * * * *

Suitable match for beautiful Lobana girl, born in July, 1985, MBA in hotel management from france, ba in business management from reputed university in UK, currently in India. Father retired from military engineering services, mother is a house wife.one sister settled in uk and one younger brother. Residence in Mohali, looking for a well-educated groom and a respectful family, simple marriage. Cont- 7508190371.

* * * * *

Matrimonial Suitable match for LobanaGursikh Divorce boy American citizen.D.O.B.03/04/1989.Height.6'-2". Qualification Bachelor in I.T. working in Raytheon

Co. Contact no. 001-916-477-9144. 8847205815.

* * * * *

Suitable match for Army officer (Captain) Lobana clean shaven boy, DOB : 14-03-1993, Ht 5 Ft 10 inch, Btech , Father- serving Army Officer in Delhi , Mother- Educationist and Home-maker, Sister (younger) - BDS, Own house in Gurgaon, Mohali and landed property near Ambala.

ontact -9560911001.

* * * * *

Suitable match for Lobana Girl, DOB - 07-11-1994, Ht 5Ft 5 inch , Btech, worked for 2 years and now preparing for Govt openings, Father - Retired police officer, Mother - Homemaker, Sister (Elder) - Married and settles in Australia, Property near Mukerian. Contact-9560911001

* * * * *

USA Based Post Graduate Doctor match for beautiful Lobana Sikh Girl, born July 1993, 5’4", MD Radio diagnosis, Preparing for USA MLE. Both Parent class-one Officers in Public Sector,

younger BrotherPost Graduate Advocate. All Education from Chandigarh, Caste no Bar.

ontact: 9463743086, 9463743070.

* * * * *

Perfect Qualified match for Post Graduate Advocate Lobana Sikh boy, born June 1994, 5’11" Chandigarh based family. Both Parent Class-one Officers in Public sector, Elder Sister Doctor. All education from Chandigarh. Employed Girl Preferred. Contact: 9463743086, 9463743070.

* * * * *

Suitable match for Lobana Sikh boy D.O.B 7thAugust 1989, Height 5’6", BBA from London, moved to USA in 2015(Green Card Holder), Contact: 7404151312

* * * * *

Suitable Match for Handsome boy DOB: 26.01.1987, Height: 6ft.Complexion: very fair, Qualifications: Software Engineer, working in MNC Chandigarh with a 12 lac annual package, Settled at Mohali Father: Retired Mother: Housewife, HPS Walia, Cont-9464548459.

* * * * *

Lubana Sikh boy ......born-Dec1992, 5.11ft, BE, MBA, MNC Asstt Manager required.... B.Tech, MBA, MCA, M.Tech girl ......9417145424, 8360907886

* * * * *

1990 born Sikh Lobana girl, 5’7", MBBS, doing job looks for well-educated and settled male, medical professionals preferred, Contact:9464148805.

* * * * *

Lobana Sikh Turbaned Smart Boy, MDS (Endodontic) Doctor, Convent Educated, on Job, Dec 1988, 5'-11", Father Mother Retired, Sister B.Tech (CSE) Job HCL, Married, Rural and Urban Property, Required Beautiful Slim Girl BDS/MDS/PCMS/Govt Job.Upper Caste Acceptable. Contact: 94174-74880, 70091-59530.

* * * * *

Looking for a match for smart Lobana Sikh, 25 years old boy, 182 cm,BTech, commissioned officer. The girl should be aged around 23-24years, tall, beautiful, convent educated, fair and slim with clearcomplexion from educated family. The boy is clean shaven but supportsturban during social engagements. Elder brother is also a commissionedofficer and married. Father is serving officer in IAF while mother is homemaker. Urban property in Chandigarh and Gurgaon What Sapp: 07259831515 or email:hsmaniani@gmail.com

* * * * *

Suitable match for beautiful slim, tall, Lobana Girl, born Aug 1994, Height 5.9" MCA (KUK).Working in MNC Company at Chandigarh. Father Manager in MNC Company, Mother House maker, Brother Mechanical Engineer in MNC Company at Chandigarh. Settled at Ambala (Haryana). Contact 9650058730/9421317033.

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

\- ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ- 20-10-2020 ਤੋਂ 14-12-2020

## (ਮੱਘਰ ਮਹੀਨੇ ਦੀ ਸੰਗਰਾਂਦ ਦਾ ਦਾਨ)

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ | ਰਸੀਦ ਨੰ. | ਮਿਤੀ |
|---|---|---|---|---|
| 1. | ਸ. ਜਗੀਰ ਸਿੰਘ ਲਾਲੀਆ (ਸਾਬਕਾ ਪ੍ਰਧਾਨ)<br>ਮਕਾਨ ਨੰ. 1838, ਫੇਜ-7, ਮੋਹਾਲੀ। | 1100/- | ਆਈ-989 | 13-11-2020 |
| 2. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>(ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-990 | 15-11-2020 |
| 3. | ਮੇਜਰ ਐੱਨ.ਐਸ. ਮੁਲਤਾਨੀ,<br>ਮਕਾਨ. 1089, ਫੇਜ਼-10, ਮੋਹਾਲੀ। | 200/- | ਆਈ-991 | 15-11-2020 |
| 4. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ)<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-992 | 15-11-2020 |
| 5. | ਸੂਬੇਦਾਰ ਜਸਪਾਲ ਸਿੰਘ<br>ਏ.ਕੇ.ਐਸ. ਕਲੋਨੀ, ਜ਼ੀਰਕਪੁਰ | 200/- | ਆਈ-993 | 15-11-2020 |
| 6. | ਸ. ਹਰਬੰਸ ਸਿੰਘ (ਸਾਬਕਾ ਜਨਰਲ ਸਕੱਤਰ)<br>ਮਕਾਨ ਨੰ. 2060, ਫੇਜ਼-10, ਮੋਹਾਲੀ। | 500/- | ਆਈ-994 | 15-11-2020 |
| 7. | ਇੰਜ: ਕੁਲਬੀਰ ਸਿੰਘ ਸੁਜਲਾਣਾ (ਜਨਰਲ ਸਕੱਤਰ)<br>ਐਸ.ਈ. (ਰਿਟਾਇਰਡ) ਮਕਾਨ ਨੰ.139, ਸੈਕਟਰ-70, ਮੋਹਾਲੀ। | 1100/- | ਆਈ-995 | 15-11-2020 |
| 8. | ਸ. ਨਿਰਮਲ ਸਿੰਘ (ਮੈਨਟੇਨੈਂਸ ਇੰਚਾਰਜ)<br>ਮਕਾਨ ਨੰ. 2354, ਫੇਜ 10, ਮੋਹਾਲੀ। | 200/- | ਆਈ-996 | 15-11-2020 |
| 9. | ਸ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ)<br>ਮਕਾਨ ਨੰ.117, ਸੈਕਟਰ-35ਏ, ਚੰਡੀਗੜ੍ਹ। | 500/- | ਆਈ-997 | 15-11-2020 |
| 10. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ)<br>ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-999 | 15-11-2020 |
| 11. | ਸ. ਅਮਰਜੀਤ ਸਿੰਘ ਘੋਤੜਾ<br>(ਸਾਬਕਾ ਜਨਰਲ ਸਕੱਤਰ), ਐੱਚ.ਐਮ. 102, ਫੇਜ-3ਬੀ1, ਮੋਹਾਲੀ। | 200/- | ਆਈ-1000 | 15-11-2020 |
| 12. | ਸ.ਬਲਵਿੰਦਰ ਸਿੰਘ ਮੁਲਤਾਨੀ<br>(ਸਾਬਕਾ ਵਾਇਸ ਪ੍ਰਧਾਨ), ਮਕਾਨ ਨੰ.541, ਫੇਜ-3ਏ, ਮੋਹਾਲੀ। | 200/- | ਆਈ-1001 | 15-11-2020 |
| 13. | ਕਰਨਲ ਜੇ.ਐਸ. ਮੁਲਤਾਨੀ<br>ਮਕਾਨ ਨੰ. 114, ਸੈਕਟਰ-33ਏ, ਚੰਡੀਗੜ੍ਹ। | 500/- | ਆਈ-1002 | 15-11-2020 |
| 14. | ਸ. ਹਰਦਿਆਲ ਸਿੰਘ ਘੋਤੜਾ (ਸਾਬਕਾ ਵਿੱਤ ਸਕੱਤਰ)<br>ਮਕਾਨ ਨੰ-11, ਸੰਗਮ ਇੰਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-1003 | 15-11-2020 |
| 15. | ਪੰਡਿਤ ਸ਼੍ਰੀ ਰਾਮ ਕੁਮਾਰ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1004 | 15-11-2020 |
| 16. | ਸ਼੍ਰੀ ਸੱਜਣ ਕੁਮਾਰ, ਸੈਕਟਰ-30 ਚੰਡੀਗੜ੍ਹ | 2100/- | ਆਈ-1005 | 19-11-2020 |
| 17. | ਸ. ਸੁਖਵਿੰਦਰ ਸਿੰਘ # 873 ਸੈਕਟਰ- 64<br>ਐਸ.ਏ.ਐਸ. ਨਗਰ (ਮੋਹਾਲੀ) | 3100/- | ਆਈ-1006 | 28-11-2020 |
| 18. | ਸਵਰਗਵਾਸੀ ਸ. ਤਾਰਾ ਸਿੰਘ ਜੀ ਦੇ ਪੁੱਤਰ<br>ਸ. ਤਰਲੋਕ ਸਿੰਘ ਜੀ ਵਲੋਂ ਦਾਨ, #2306, 38-ਸੀ, ਚੰਡੀਗੜ੍ਹ | 30,000/- | ਆਈ-1007 | 12-12-2020 |

| | | | | |
|---|---|---|---|---|
| 19. | ਸਰਦਾਰਨੀ ਹਰਪ੍ਰੀਤ ਕੋਰ ਪੇਲੀਆ<br>(ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-1008 | 12-12-2020 |

## ਮਿਤੀ- 15-12-2020 ਤੋ 13-01-2021

## (ਪੋਹ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 20. | ਸਪਨਿਤ ਕੌਰ ਪੁਤਰੀ ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ. 541, ਫੇਜ-3ਏ, ਮੋਹਾਲੀ। | 1100/- | ਆਈ-1009 | 15-12-2020 |
| 21. | ਪੰਡਿਤ ਸ਼੍ਰੀ ਰਾਮ ਕੁਮਾਰ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1010 | 15-12-2020 |
| 22. | ਸ. ਨਿਰਮਲ ਸਿੰਘ (ਮੈਨਟੇਨੈਂਸ ਇੰਚਾਰਜ)<br>ਮਕਾਨ ਨੰ. 2354, ਫੇਜ 10, ਮੋਹਾਲੀ। | 200/- | ਆਈ-1012 | 15-12-2020 |
| 23. | ਸਬ. ਮੇਜਰ ਅਮਰਜੀਤ ਸਿੰਘ (ਸਾਬਕਾ ਜਨਰਲ ਸਕੱਤਰ)<br>ਐੱਚ.ਐਮ.102, ਫੇਜ-3ਬੀ1, ਮੋਹਾਲੀ। | 500/- | ਆਈ-1013 | 15-12-2020 |
| 24. | ਸ. ਰਾਜਪਾਲ ਸਿੰਘ (ਸਾਬਕਾ ਰਿਜ਼ਨਲ ਪ੍ਰਧਾਨ)<br>ਐੱਨ.ਏ.ਸੀ-43, ਮਨੀਮਾਜਰਾ, ਚੰਡੀਗੜ੍ਹ। | 500/- | ਆਈ-1014 | 15-12-2020 |
| 25. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ)<br>ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-1015 | 15-12-2020 |
| 26. | ਸ. ਹਰਦਿਆਲ ਸਿੰਘ ਘੋਤੜਾ (ਸਾਬਕਾ ਵਿੱਤ ਸਕੱਤਰ)<br>ਮਕਾਨ ਨੰ-11, ਸੰਗਮ ਇੰਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-1016 | 15-12-2020 |
| 27. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ)<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-1017 | 15-12-2020 |
| 28. | ਸ. ਜਰਨੈਲ ਸਿੰਘ #60, ਸੈਕਟਰ-23, ਪੰਚਕੂਲਾ | 200/- | ਆਈ-1018 | 15-12-2020 |
| 29. | ਸ. ਹਰਭਜਨ ਸਿੰਘ (ਡੀ.ਆਈ.ਜੀ.)<br>#2204, ਫਲਕਾਂਨ ਵਿਊ, ਸੈਕਟਰ-66, ਮੋਹਾਲੀ | 500/- | ਆਈ-1019 | 15-12-2020 |
| 30. | ਰਜਿੰਦਰਪਾਲ ਸਿੰਘ ਸੈਕਟਰ- 38 ਚੰਡੀਗੜ੍ਹ | 200/- | ਆਈ-1020 | 15-12-2020 |
| 31. | ਸਬ. ਮੇਜਰ ਜਸਪਾਲ ਸਿੰਘ ਜੀ<br>ਏ.ਕੇ.ਐਸ. ਕਲੋਨੀ ਜ਼ੀਰਕਪੁਰ, ਪੰਜਾਬ | 200/- | ਆਈ-1021 | 15-12-2020 |
| 32. | ਸ. ਰਣਵੀਰ ਸਿੰਘ, #1374/4, ਫੇਜ਼-1, ਮੋਹਾਲੀ | 200/- | ਆਈ-1022 | 15-12-2020 |
| 33. | ਸ. ਨਰਿੰਦਰ ਸਿੰਘ ਪੀ.ਈ.ਐਸ. (ਰਿਟਾ.)<br>#7113, ਸੈਕਟਰ-125, ਨਿਊ ਸਨੀ ਇਨਕਲੇਵ, ਮੋਹਾਲੀ | 500/- | ਆਈ-1023 | 22-12-2020 |
| 34. | ਸ. ਕੁਲਬੀਰ ਸਿੰਘ ਸੁਜਲਾਣਾ (ਜਨਰਲ ਸਕੱਤਰ)<br>ਮਕਾਨ ਨੰ. 139, ਸੈਕਟਰ-70, ਮੋਹਾਲੀ। | 1100/- | ਆਈ-1024 | 22-12-2020 |
| 35. | ਰਘੁਵੀਰ ਸਿੰਘ, 447/ਬੀ, ਦਸ਼ਮੇਸ਼ ਨਗਰ, ਖੱਰੜ | 2000/- | ਆਈ-1025 | 09-01-2021 |

## ਮਿਤੀ- 14-01-2021 ਤੋ 11-02-2021

## (ਮਾਘ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 36. | ਪੰਡਿਤ ਸ਼੍ਰੀ ਰਾਮ ਕੁਮਾਰ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1026 | 14-01-2021 |
| 37. | ਸ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ)<br>ਮਕਾਨ ਨੰ. 117, ਸੈਕਟਰ-35ਏ, ਚੰਡੀਗੜ੍ਹ। | 500/- | ਆਈ-1027 | 14-01-2021 |
| 38. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>(ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-1028 | 14-01-2021 |

| | | | | |
|---|---|---|---|---|
| 39. | ਸ. ਨਿਰਮਲ ਸਿੰਘ (ਮੈਨਟੇਨੈਂਸ ਇੰਚਾਰਜ)<br>ਮਕਾਨ ਨੰ. 2354, ਫੇਜ 10, ਮੋਹਾਲੀ। | 200/- | ਆਈ-1029 | 14-01-2021 |
| 40. | ਸ. ਕਰਨੈਲ ਸਿੰਘ, # ਬਰਾੜਾ ਹਰਿਆਣਾ | 100/- | ਆਈ-1030 | 14-01-2021 |
| 41. | ਸ. ਨਰਿੰਜਨ ਸਿੰਘ ਮੁਲਤਾਨੀ #1089, ਫੇਜ਼-10, ਮੋਹਾਲੀ | 500/- | ਆਈ-1031 | 14-01-2021 |
| 42. | ਸਵਰਗਵਾਸੀ ਸ. ਪਰਸ਼ਨ ਸਿੰਘ ਸਰਪੰਚ<br>ਪਿੰਡ ਸਲੇਮਪੁਰ, ਜ਼ਿਲ੍ਹਾ : ਹੁਸ਼ਿਆਰਪੁਰ ਪੰਜਾਬ, (ਰਾਹੀ ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ) | 5100/- | ਆਈ-1032 | 14-01-2021 |
| 43. | ਲੈਕ. ਗੁਲਸ਼ਨ ਕੁਮਾਰ ਸਿੰਘ<br>(ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ | 200/- | ਆਈ-1033 | 14-01-2021 |
| 44. | ਸਰਦਾਰਨੀ ਕੁਲਵੰਤ ਕੌਰ ਪਤਨੀ<br>ਸ. ਕੁਲਬੀਰ ਸਿੰਘ ਸੁਜਲਾਣਾ (ਜਨਰਲ ਸਕੱਤਰ), ਮਕਾਨ ਨੰ. 139, ਸੈਕਟਰ-70, ਮੋਹਾਲੀ। | 500/- | ਆਈ-1034 | 14-01-2021 |
| 45. | ਸ. ਤਰਨਜੀਤ ਸਿੰਘ ਕਲਰਕ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 100/- | ਆਈ-1035 | 14-01-2021 |
| 46. | ਸ. ਰਾਜਿੰਦਰ ਪਾਲ ਸਿੰਘ, ਸੈਕਟਰ-38, ਚੰਡੀਗੜ੍ਹ | 200/- | ਆਈ-1036 | 14-01-2021 |
| 47. | ਸ. ਜਸਪਾਲ ਸਿੰਘ ਜੀ #18 ਏ ਕੇ ਐਸ ਕਾਲੋਨੀ ਜ਼ੀਰਕਪੁਰ | 200/- | ਆਈ-1037 | 14-01-2021 |
| 48. | ਸ. ਹਰਦਿਆਲ ਸਿੰਘ ਘੋਤੜਾ (ਸਾਬਕਾ ਵਿੱਤ ਸਕੱਤਰ)<br>ਮਕਾਨ ਨੰ-11, ਸੰਗਮ ਇੰਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-1038 | 14-01-2021 |
| 49. | ਸ. ਹਰਬੰਸ ਸਿੰਘ ਸਾਬਕਾ ਜਨਰਲ ਸਕੱਤਰ<br>ਮਕਾਨ ਨੰ. 2060, ਫੇਜ਼-10, ਮੋਹਾਲੀ। | 500/- | ਆਈ-1039 | 14-01-2021 |
| 50. | ਸ. ਮੋਹਿੰਦਰ ਸਿੰਘ (ਰਾਜਧਾਨੀ ਟੈਂਟ ਵਾਲੇ) 3685, 46ਸੀ, ਚੰਡੀਗੜ੍ਹ | 500/- | ਆਈ-1040 | 14-01-2021 |
| 51. | ਸ. ਬਲਵਿੰਦਰ ਸਿੰਘ ਮੁਲਤਾਨੀ (ਸਾਬਕਾ ਵਾਇਸ ਪ੍ਰਧਾਨ)<br>ਮਕਾਨ ਨੰ. 541, ਫੇਜ-3ਏ, ਮੋਹਾਲੀ। | 200/- | ਆਈ-1041 | 14-01-2021 |
| 52. | ਸ. ਗੱਜਣ ਸਿੰਘ, ਮੁਕੇਰੀਆਂ ਹੁਸ਼ਿਆਰਪੁਰ | 200/- | ਆਈ-1042 | 14-01-2021 |
| 53. | ਸ. ਸੁਰਿੰਦਰ ਸਿੰਘ, ਬਰਾੜਾ ਹਰਿਆਣਾ | 200/- | ਆਈ-1043 | 14-01-2021 |
| 54. | ਕਰਨਲ ਜੇ.ਐੱਸ. ਮੁਲਤਾਨੀ<br>ਮਕਾਨ ਨੰ. 114, ਸੈਕਟਰ-33ਏ, ਚੰਡੀਗੜ੍ਹ | 500/- | ਆਈ-1044 | 14-01-2021 |
| 55. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ)<br>ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-1045 | 14-01-2021 |
| 56. | ਸ. ਜਗਮੋਹਨ ਸਿੰਘ ਪੁੱਤਰ ਜਗਤ ਸਿੰਘ<br>#390, ਸੈਕਟਰ -16 ਪੰਚਕੂਲਾ | 5000/- | ਆਈ-1046 | 05-02-2021 |
| 57. | ਅਮਰੀਕ ਸਿੰਘ # ਪੇਹੋਵਾ, ਹਰਿਆਣਾ | 2100/- | ਆਈ-1047 | 05-02-2021 |
| 58. | ਕਰਨਲ ਜੇ.ਐਸ. ਮੁਲਤਾਨੀ<br>ਮਕਾਨ ਨੰ. 114, ਸੈਕਟਰ-33ਏ, ਚੰਡੀਗੜ੍ਹ | 1100/- | ਆਈ-1048 | 08-02-2021 |

## ਮਿਤੀ- 12-02-2021 ਤੋਂ 13-03-2021

## (ਫੱਗਣ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 59. | ਪੰਡਿਤ ਸ਼੍ਰੀ ਰਾਮ ਕੁਮਾਰ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1049 | 12-02-2021 |
| 60. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>(ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-1050 | 12-02-2021 |
| 61. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ)<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ | 200/- | ਆਈ-1051 | 12-02-2021 |
| 62. | ਗੁਪਤ ਦਾਨ | 500/- | ਆਈ-1052 | 12-02-2021 |

| | | | | |
|---|---|---|---|---|
| 63. | ਸ. ਹਰਭਜਨ ਸਿੰਘ (ਸਾਬਕਾ ਪ੍ਰਧਾਨ)<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1053 | 12-02-2021 |
| 64. | ਇੰਜ: ਕੁਲਬੀਰ ਸਿੰਘ ਸੁਜਲਾਣਾ (ਜਨਰਲ ਸਕੱਤਰ)<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30 ਚੰਡੀਗੜ੍ਹ, ਮਕਾਨ ਨੰ.139, ਸੈਕਟਰ-70, ਮੋਹਾਲੀ | 500/- | ਆਈ-1054 | 12-02-2021 |
| 65. | ਮੇਜਰ ਐੱਨ.ਐਸ. ਮੁਲਤਾਨੀ,<br>ਮਕਾਨ 1089, ਫੇਜ਼-10, ਮੋਹਾਲੀ | 200/- | ਆਈ-1055 | 12-02-2021 |
| 66. | ਸ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ)<br>ਮਕਾਨ ਨੰ.117, ਸੈਕਟਰ-35ਏ, ਚੰਡੀਗੜ੍ਹ। | 500/- | ਆਈ-1056 | 12-02-2021 |
| 67. | ਸ. ਐਨ.ਪੀ. ਸਿੰਘ, ਸਟਾਰ ਇਨਕਲੇਵ ਸੈਕਟਰ-48, ਚੰਡੀਗੜ੍ਹ | 200/- | ਆਈ-1057 | 12-02-2021 |
| 68. | ਸ. ਨਿਰਮਲ ਸਿੰਘ (ਮੈਨਟੇਨੈਂਸ ਇੰਚਾਰਜ)<br># 2354, ਫੇਜ਼-10, ਮੋਹਾਲੀ | 200/- | ਆਈ-1058 | 12-02-2021 |
| 69. | ਸ. ਰਾਜਿੰਦਰ ਪਾਲ ਸਿੰਘ, ਸੈਕਟਰ-38ਚੰਡੀਗੜ੍ਹ | 200/- | ਆਈ-1059 | 12-02-2021 |
| 70. | ਸ. ਸੁਰਿੰਦਰ ਸਿੰਘ | 200/- | ਆਈ-1060 | 12-02-2021 |
| 71. | ਸ. ਅਮਰਪਾਲ ਸਿੰਘ #2287 ਸੈਕਟਰ-49ਸੀ, ਚੰਡੀਗੜ੍ਹ | 100/- | ਆਈ-1061 | 12-02-2021 |
| 72. | ਸ. ਜਗਮੋਹਨ ਸਿੰਘ #390, ਸੈਕਟਰ -16, ਪੰਚਕੁਲਾ | 1000/- | ਆਈ-1063 | 01-03-2021 |

## ਮਿਤੀ- 14-03-2021 ਤੋ 15-03-2021

## (ਚੇਤ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 73. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਾਬਕਾ ਜਨਰਲ ਸਕੱਤਰ)<br>#2218 ਸੈਕਟਰ-38ਸੀ, ਚੰਡੀਗੜ੍ਹ | 1100/- | ਆਈ-1064 | 14-03-2021 |
| 74. | ਪੰਡਿਤ ਸ਼੍ਰੀ ਰਾਮ ਕੁਮਾਰ<br>ਬੀ.ਐਮ.ਐਸ.ਐਲ. ਫਾਊਂਡੇਸ਼ਨ, ਸੈਕਟਰ-30, ਚੰਡੀਗੜ੍ਹ | 500/- | ਆਈ-1065 | 14-03-2021 |
| 75. | ਸ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ)<br>ਮਕਾਨ ਨੰ. 117, ਸੈਕਟਰ-35ਏ, ਚੰਡੀਗੜ੍ਹ। | 500/- | ਆਈ-1066 | 14-03-2021 |
| 76. | ਮੇਜਰ ਐੱਨ.ਐਸ. ਮੁਲਤਾਨੀ,<br>ਮਕਾਨ 1089, ਫੇਜ਼-10, ਮੋਹਾਲੀ | 200/- | ਆਈ-1067 | 14-03-2021 |
| 77. | ਸ. ਕੁਲਬੀਰ ਸਿੰਘ ਸੁਜਲਾਣਾ (ਜਨਰਲ ਸਕੱਤਰ)<br>ਮਕਾਨ ਨੰ. 139, ਸੈਕਟਰ-70, ਮੋਹਾਲੀ | 500/- | ਆਈ-1068 | 14-03-2021 |
| 78. | ਸ. ਰਾਜਿੰਦਰ ਪਾਲ ਸਿੰਘ, ਸੈਕਟਰ-38 ਚੰਡੀਗੜ੍ਹ | 200/- | ਆਈ-1069 | 14-03-2021 |
| 79. | ਸ. ਪਰਭਾਤ ਸਿੰਘ, # ਬਹਿਲਾਣਾ, ਚੰਡੀਗੜ੍ਹ | 100/- | ਆਈ-1071 | 14-03-2021 |
| 80. | ਕਰਨਲ ਜਗਤਾਰ ਸਿੰਘ ਮੁਲਤਾਨੀ<br>(ਇਲੈਕਸ਼ਨ ਕਮੇਟੀ ਚੇਅਰਪਰਸਨ), ਮਕਾਨ ਨੰ. 114, ਸੈਕਟਰ-33ਏ, ਚੰਡੀਗੜ੍ਹ | 500/- | ਆਈ-1072 | 14-03-2021 |

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



Meeting of Adhoc Committee being held on 28-12-2020 at BMSLF Bhawan Chandigarh



Occasion of Magh month Sangrand on 14-01-2021 at Gurughar, BMSLF Bhawan Chandigarh



5000 Litre Capacity Water tank to be kept reserve for Fire Fighting being lifted by a crane for installation at roof of BMSB Block in BMSLF Bhawan Chd.



Meeting of Adhoc Committee being held on 01-02-2021



Late Er. Harbans Singh attended the Meeting of Adhoc Committee on 27-02-2021 as Convenor, Fire Fighting Committee



First Meeting of the Election Committee to elect the Chairperson being held on 11-03-2021




Meeting of Election Committee and Candidates for Election of President being held on 25-03-2021 at BMSLF Bhawan Chandigarh

# PRESENT AD-HOC COMMITTEE OF B.M.S.L.F (REGD.), CHANDIGARH



S. Pritam Singh
Naurangpur (President)
Ex. President N.R.I. Sabha (Pb.)



Er. Harbhajan SINGH
Dy. Chief Engineer (Retd.)
(Member)



Er. Gurcharan Singh
ARO (Retd.)
(Member)



Er. Kulbir Singh Sujlana,
S.E. (Retd.)
(General Secretary)



S. Gulshan Kumar Singh
Lect. (Retd.)
(Finance Secretary)



Maj. N.S. Multani
(Retd.)
(Member)



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖ਼ੂਬਸੂਰਤ ਦ੍ਰਿਸ਼